# ਸੋਧ

ਜੁਲਾਈ 1980 (ਜਿਲਦ 9 ਨੰਬਰ 7)

**July 1980**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

7

# ਸੇਧ

⊙ ਸਮਾਜਕ ਤੋਰ ਦਾ ਮਨੋਰਥ : ਆਰਥਕਤਾ ਜਾਂ ਬੰਦਾ ?

⊙ ਸਿੱਖ ਲਹਿਰ ਤੇ ਜਾਤ-ਪਾਤ

⊙ ਰਾਮ ਸਰੂਪ ਅਣਖੀ ਦੀ ਕਹਾਣੀ

ਅਤੇ

ਪੰਜਾਬ ਸਰਕਾਰ ਦਾ ਪੰਜਾਬੀ ਵਲ ਰਵੱਈਆ

**SEDH**
JULY, 1980
Vol. 9, No. 7
Price : Rs. 2.00

## ਸੇਧ ਦੇ ਕੁਝ ਕੁ ਚੋਣਵੇਂ ਏਜੰਟ

1. ਸਰਵਨ ਸਿੰਘ ਚਰਨ ਸਿੰਘ, ਨਿਊਜ਼ਪੇਪਰ ਏਜੰਟਸ, ਹਾਲ ਗੇਟ, **ਅੰਮ੍ਰਿਤਸਰ**
2. ਸਾਲਿਗ ਰਾਮ, ਨਿਊਜ਼ ਪੇਪਰ ਏਜੰਟ, **ਢੁਡੀਕੇ**
3. ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, **ਜਲੰਧਰ**
4. ਗਗਨ ਬੁੱਕ ਸੈਂਟਰ, **ਨਿਕੋਦਰ**
5. ਕਮਲ ਬੁਕ ਡਿਪੋ, ਬੱਸ ਅੱਡਾ, **ਪਟਿਆਲਾ**
6. ਮਦਾਨ ਬੁੱਕ ਡਿਪੋ, ਅਦਾਲਤ ਬਾਜ਼ਾਰ, **ਪਟਿਆਲਾ**
7. ਪ੍ਰਕਾਸ਼ ਨਾਵਲ ਸਟੋਰ, ਨਜ਼ਦੀਕ ਬੱਸ ਅੱਡਾ, **ਜਲੰਧਰ ਸ਼ਹਿਰ**
8. ਚੂਹੜ ਮਲ ਮੁਹਿੰਦਰਪਾਲ ਬਾਂਸਲ, ਬੱਸ ਅੱਡਾ, **ਬਰਨਾਲਾ**
9. ਜਥੇਦਾਰ ਨਿਊਜ਼ ਏਜੰਸੀ, **ਗੁਰੂ ਸਰ ਸੁਧਾਰ**
10. ਸੈਂਟਰਲ ਨਿਊਜ਼ ਏਜੰਸੀ, ਕਨਾਟ ਪਲੇਸ, **ਨਵੀਂ ਦਿੱਲੀ**
11. ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, **ਜਲੰਧਰ**
12. ਵਰਮਾ ਬੁੱਕ ਡਿਪੋ, ਰੇਲਵੇ ਰੋਡ, **ਬਠਿੰਡਾ**
13. ਇੰਗਲਿਸ਼ ਬੁੱਕ ਡਿਪੋ, 22-ਡੀ ਸੈਕਟਰ, **ਚੰਡੀਗੜ੍ਹ**
14. ਪ੍ਰੋਗ੍ਰੈਸਿਵ ਬੁੱਕ ਸੈਂਟਰ, ਬੱਸ ਅੱਡਾ, **ਮਾਨਸਾ**
15. ਖਾਲਸਾ ਨਿਊਜ਼ ਏਜੰਸੀ, **ਮੋਗਾ**
16. ਮਦਨ ਬੁਕ ਸਟਾਲ, ਅੱਡਾ ਪੰਜਾਬ ਰੋਡਵੇਜ਼, **ਹੁਸ਼ਿਆਰਪੁਰ**
17. ਸੁਰਿੰਦਰ ਨੀਊਜ਼ ਏਜੰਸੀ, ਬੱਸ ਅੱਡਾ **ਜਗਰਾਓਂ**
18. ਵਿਨੋਦ ਬੁੱਕ ਸਟਾਲ, ਬੱਸ ਅੱਡਾ, **ਸੰਗਰੂਰ**
19. ਗੁਪਤਾ ਨਿਊਜ਼ ਏਜੰਸੀ, **ਫਰੀਦਕੋਟ**
20. ਹੁਸਨ ਲਾਲ ਐਂਡ ਸਨਜ਼, ਬੱਸ ਅੱਡਾ, **ਦਸੂਆ**
21. ਸੁਰਿੰਦਰ ਸਟੇਸ਼ਨਰੀ ਮਾਰਟ, ਯੂਨੀਵਰਸਿਟੀ ਮਾਰਕੀਟ, **ਚੰਡੀਗੜ੍ਹ**
22. ਪੀਪਲਜ਼ ਬੁੱਕ ਸੈਂਟਰ, **ਮੋਗਾ**
23. ਕੁਲੈਕਟਿਵ ਬੁੱਕ ਸਰਵਿਸ, ਐਸ.ਸੀ.ਓ. 57-59, ਸੈਕਟਰ 17 ਸੀ, **ਚੰਡੀਗੜ੍ਹ**
24. ਰਵੀ ਸਾਹਿਤ ਪ੍ਰਕਾਸ਼ਨ, **ਅੰਮ੍ਰਿਤਸਰ**
25. ਅਮਰ ਨਿਊਜ਼ ਏਜੰਸੀ, **ਗਿੱਦੜਬਾਹਾ**
26. ਪਬਲਿਕ ਨਿਊਜ਼ ਏਜੰਸੀ, **ਜੈਤੋ**
27. ਪਰਕਾਸ਼ ਪੁਸਤਕ ਭੰਡਾਰ, ਬੱਸ ਅੱਡਾ, **ਭਗਤਾ ਭਾਈ ਕਾ**



ਸੰਤ ਰਾਮ ਉਦਾਸੀ

## ਸਭਸ ਦੀ ਬੰਦ-ਖ਼ਲਾਸ

[ਗੁਰੂ ਗੋਬਿੰਦ ਸਿੰਘ ਬੰਦੇ ਬਹਾਦਰ ਨੂੰ ਮਿਲਦੇ ਹਨ ਅਤੇ ਪੰਜਾਬ ਜਾਣ ਲਈ ਉਸ ਨੂੰ ਪ੍ਰੇਰਦੇ ਹਨ। ਗੁਰੂ ਸਾਹਿਬ ਬੰਦੇ ਨੂੰ ਇਸ ਤਰ੍ਹਾਂ ਮੁਖ਼ਾਤਿਬ ਹੁੰਦੇ ਹਨ]

ਜੇ ਤੂੰ ਬੰਦੈਂ ਕਰ ਬੰਦ-ਖਲਾਸ ਸਭ ਦੀ,
ਕਰਾਮਾਤਾਂ ਨੀਂ ਕੰਮ ਬਹਾਦਰਾਂ ਦੇ।
ਆਪਣਾ ਬਾਪ ਬਣਿਆ ਚਾਦਰ ਹਿੰਦ ਦੀ ਸੀ,
ਤੂੰ ਵੀ ਤੰਦ ਬਣ ਜੀਂ ਉਨ੍ਹਾਂ ਚਾਦਰਾਂ ਦੇ।

'ਕੇਰਾਂ ਦਿੱਲੀ ਦੇ ਕਿਲੇ ਤੋਂ ਕੂਕ ਮਾਰੀਂ,
ਭੱਜਿਆ ਮਾਲਵਾ, ਮਾਝਾ, ਦੁਆਬ ਆਉਣੈਂ।
ਤੈਨੂੰ ਹੱਥਾਂ 'ਤੇ ਲੋਕਾਂ ਨੇ ਚੁਕ ਲੈਣੈ,
ਤੇਰੀ ਮਦਦ 'ਤੇ ਸਾਰਾ ਪੰਜਾਬ ਆਉਣੈ।

ਇੱਜ਼ਤ ਜਿੰਨ੍ਹਾਂ ਦੀ ਰਾਠ ਉਧਾਲ ਲੈ ਗਏ,
ਜਜ਼ਬੇ ਉਨ੍ਹਾਂ ਦੇ ਸਾਂਭੇ ਨੀਂ ਰਹਿ ਸਕਦੇ।
ਸੱਥਾਂ ਵਿਚ ਹੈ ਜਿੰਨਾਂ ਦੀ ਪੱਗ ਰੁਲਗੀ,
ਤੇਰੇ ਜੱਥੇ ਤੋਂ ਲਾਂਭੇ ਨਹੀਂ ਰਹਿ ਸਕਦੇ।

ਤੈਨੂੰ 'ਡੀਕਦੀ ਗੜੀ ਗੁਰਦਾਸ ਨੰਗਲ,
ਜਿਉਂ ਸੀ 'ਡੀਕਦਾ ਮੈਨੂੰ ਚਮਕੌਰ ਸਿੰਘਾ।
ਜਾ ਕੇ ਜੋਟੀ ਇਉਂ ਲੋਕਾਂ ਦੇ ਨਾਲ ਪਾ ਲੈ,
ਜੋਟੀਦਾਰ ਜਿਉਂ ਦਿੱਲੀ ਲਹੌਰ ਸਿੰਘਾ।

ਜਿਥੇ ਜ਼ੁਲਮ ਜੰਮੇਂ, ਜਿਥੇ ਜ਼ਹਿਰ ਉੱਗੇ,
ਉਥੇ ਅੰਮ੍ਰਿਤ ਲਈ ਦੇਖੀਂ ਮਜ਼ਲੂਮ ਲੜਦੇ।
ਤੇਰੀ ਹਾਜ਼ਰੀ ਉਥੇ ਜ਼ਰੂਰ ਬਣਦੀ,
ਜਿਥੇ ਹਾਕਮਾਂ ਸੰਗ ਮਹਿਕੂਮ ਲੜਦੇ।

ਤੇਰੇ ਪੁੱਤਰ ਨੂੰ ਜਿੰਨਾਂ ਤੜਫਾਉਣਗੇ ਉਹ,
ਤੈਨੂੰ ਓਨਾ ਹੀ ਗ੍ਰਿਸਥੀ ਦਾ ਮੋਹ ਜਾਗੇ।
ਜਿੰਨਾ ਜਿਸਮ ਜਮੂਰਾਂ ਦੇ ਨਾਲ ਉਧੜੇ,
ਤੈਨੂੰ ਓਨੀ ਸਿਧਾਂਤ ਦੀ ਖੋਹ ਜਾਗੇ।

ਪੱਤਾ ਹਿਲੇ ਤੋਂ ਬੱਚੇ ਲੁਕੋ ਲੈਂਦੇ,
ਇੰਨਾ ਜ਼ੁਲਮ ਹੈ ਢਾਹਿਆ ਨਵਾਬੀਆਂ ਨੇਂ।
ਜਾਹ ! ਵਰਾਗੀਆ ਲੋਕਾਂ ਦੀ ਵਾਂਗ ਫੜ ਲੈ,
ਕਿਸੇ ਬਾਗ਼ੀ ਨੂੰ ਰੂਹਾਂ ਵਿਰਾਗੀਆਂ ਨੇਂ।

ਪਰੋਲਤਾਰੀ ਦੇ ਪੈਂਤੜੇ ਵਾਲਿਆਂ ਲਈ **ਲਾਜ਼ਮੀ** ਹੁੰਦਾ ਹੈ ਕਿ ਉਹ ਮਾਰਕਸਵਾਦ ਨੂੰ ਵਰਨ ਅਤੇ ਉਸਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਨੂੰ ਮੁਖੀ ਰਖਣ...ਹੋਈ ਜਮਾਤੀ ਜਦੋ-ਜਹਿਦ ਤੋਂ ਮਾਰਕਸਵਾਦ ਨੂੰ ਅਗੇ ਉਸਾਰਨ, ਉਸ ਨੂੰ ਵਰਨ ਤੇ ਉਸ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਨੂੰ ਅਗਲੀ ਪੌੜੀ ਚੜ੍ਹਾਉਣ ...

---


Bhagwan Josh

COMMUNIST MOVEMENT IN PUNJAB (1926-47)

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India. Hardbound, pages 220, Price : Rs. 60

Order for your copy to Anupma Publications, 80 Banarsi Dass Bldg, Gandhi Nagar, Delhi-31. or to SEDH, A-42, Defence Colony, N.Delhi-24

⊙

* ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ;
ਮੁਲ : ਪੰਦਰਾਂ ਰੁਪੈ।


---

ਨੋਟ : **ਸੇਧ** ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ **ਸੇਧ ਦਾ** ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.3 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

---


**Edited, Printed & Published by Gurvel Singh Pannu, A/42, Defence Colony, New Delhi-110024. Ph. No. 626300**
**Printed at 'BHULLAR PRINTERS' 44, Street 2, Shankar Nagar Ext., Delhi-51,**




ਕਿਸ਼ਨ ਸਿੰਘ

## ਸਮਾਜਕ ਤੋਰ ਦਾ ਮਨੋਰਥ : ਆਰਥਕਤਾ ਜਾਂ ਬੰਦਾ ?

**ਇਨਕਲਾਬ** ਆ ਚੁਕਿਆ ਹੈ। ਪਰ, ਜਿਵੇਂ ਕਿ ਅਸੀਂ ਪਿਛੇ ਦਸ ਆਏ ਹਾਂ, ਬੁਰਜੁਆ ਪੈਂਤੜੇ ਦੀ ਆਰਥਕ ਪੱਧਰ 'ਤੇ ਹਾਲੇ ਮਜ਼ਬੂਤੀ ਹੈ। ਕੰਮ ਦੀ ਪਰੇਰਨਾ ਅਜੇ ਪਦਾਰਥਕ ਹੈ, ਪੈਸਾ ਹੈ। ਪੈਦਾਵਾਰ ਦਾ ਆਧਾਰ ਮੁਨਾਫ਼ਾ ਹੈ। ਕੰਮ ਦੀ ਵੰਡ ਬੁਰਜੁਆ ਹੈ। ਤਿੰਨੇ ਵਡੇ ਫਰਕ—ਵਰਕਰ ਤੇ ਕਿਸਾਨ ਦਾ, ਸ਼ਹਿਰ ਤੇ ਪਿੰਡ ਦਾ, ਜਿਸਮਾਨੀ ਤੇ ਦਿਮਾਗ਼ੀ ਕੰਮ ਦਾ, ਮਤਲਬ ਕੰਮ ਕਰਨ ਤੇ ਕਰਾਉਣ ਵਾਲਿਆਂ ਦਾ—ਅਜੇ ਬਰਕਰਾਰ ਹਨ। ਮੁਖਤਾਰੀ ਮਾਹਿਰਾਂ ਦੀ ਹੈ। ਬੰਦੋਬਸਤ, ਹੁਕਮ ਦੇ ਉਪਰੋਂ ਹੇਠਾਂ ਆਉਣ ਦੇ ਅਸੂਲ 'ਤੇ ਚਲਦਾ ਹੈ। ਕੰਮ ਕਰਨ ਤੇ ਕਰਾਉਣ ਦੇ ਕਾਨੂੰਨ ਕਾਇਦੇ ਬੁਰਜੁਆ ਹਨ। ਵਰਕਰ, ਉਹਨਾਂ ਕਾਇਦਿਆਂ ਨਾਲ ਤੇ ਇੱਕੋ ਕੰਮ, ਇਕੋ ਜਾਚ (skill) ਨਾਲ ਨੱਥੇ ਹੋਏ ਹਨ। ਹੋਈ ਪੈਦਾਵਾਰ ਦੀ ਵੰਡ ਕੀਤੇ ਕੰਮ ਅਨੁਸਾਰ ਹੈ, ਕੰਮ ਦੀ ਬੁਰਜੁਆ ਵੰਡ ਅਨੁਸਾਰ ਹੈ ਤੇ ਇਸ ਲਈ ਕਾਣੀ ਹੈ। ਟੈਕਨੀਕਲ ਕਾਢਾਂ ਮਾਹਿਰਾਂ ਦੇ, ਚੰਦ ਬੰਦਿਆਂ ਦੇ ਹੱਥ ਹਨ। ਇਹ ਕੰਮ ਅਜੇ ਵਰਕਰ ਦੇ ਦਾਇਰੇ ਤੋਂ ਦੂਰ ਦਾ ਹੈ। ਹੋਈ ਪੈਦਾਵਾਰ ਦੀ ਖਰੀਦਾ ਖ਼ਰੀਦੀ, ਵਿਕਰੀ ਪੈਸੇ ਰਾਹੀਂ ਹੁੰਦੀ ਹੈ। ਜਿਨਸਾਂ ਦਾ ਸਿਸਟਮ ਪ੍ਰਧਾਨ ਹੈ। ਕਦਰ ਦੇ ਕਾਨੂੰਨ ਦਾ ਪ੍ਰਵੇਸ਼ ਹੈ। ਇਹ ਸਭ ਕੁਝ ਤੇ ਇਸ ਦਾ ਹੋਰ ਸੰਗ ਸਾਥ ਹੈ—ਬੁਰਜੁਆ ਹੱਕ। ਇਹ ਸਭ ਕੁਝ ਹੈ—ਨਵੀਂ ਬੁਰਜੁਆਜ਼ੀ ਦੇ ਪੈਦਾ ਹੋਣ ਦੀ ਭੋਂ। ਇਸ ਨੇ ਅੰਤ ਆਪਣੀ ਵਿਚਾਰਧਾਰਕ, ਸਿਆਸੀ ਲੀਡਰਸ਼ਿਪ ਪੈਦਾ ਕਰਨੀ ਹੋਈ। ਐਨੀ ਵੱਡੀ ਤੇ ਵਿਸ਼ਾਲ ਆਰਥਕ ਸਮਾਜਕ ਨੀਂਹ ਆਪਣੇ ਉਸਾਰ ਨੂੰ ਵਜੂਦ ਵਿਚ ਲਿਆਇਆਂ ਬਗੈਰ ਕਿਸ ਤਰ੍ਹਾਂ ਰਹਿ ਸਕਦੀ ਹੈ ? ਭਲਾ, ਰਵ੍ਹੇ ਵੀ ਕਿਉਂ ?

**ਬੁਰਜੁਆ ਪੈਂਤੜਾ** ਆਪਣੀ ਇਸ ਮਜ਼ਬੂਤੀ ਦੇ ਸਿਰ 'ਤੇ ਆਪਣੀ ਸਿਆਸਤ ਉਸਾਰਦਾ ਹੈ। ਇਨਕਲਾਬ ਦੇ ਆਇਆਂ ਪਾਰਟੀ ਤੋਂ ਬਾਹਰ ਤਾਂ ਬੁਰਜੁਆਜ਼ੀ ਦੀ ਸਿਆਸੀ ਲੀਡਰਸ਼ਿਪ ਕੋਈ ਖ਼ਾਸ ਹੁੰਦੀ ਨਹੀਂ, ਰਹਿੰਦੀ ਨਹੀਂ। ਉਸ ਦੀ ਸਿਆਸਤ ਦਾ ਆਧਾਰ ਹੁੰਦੀ ਹੈ—ਬੁਰਜੁਆ ਰਾਹੇ ਪਈ ਪਾਰਟੀ ਦੀ ਉੱਚੀ ਪਦਵੀ ਵਾਲਿਆਂ ਦੀ ਸਿਆਸੀ ਤਾਕਤ ਤੇ ਉਹਨਾਂ ਦਾ ਵਿਚਾਰਧਾਰਕ ਅਸਰ। ਜਿੰਨੀ ਤਾਕਤ, ਇਕਾਨੋਮਿਜ਼ਮ ਦੇ ਸ਼ਿਕਾਰ ਹੋਏ ਇਹਨਾਂ ਪਾਰਟੀ ਦੀ ਉੱਚ ਪਦਵੀ ਵਾਲਿਆਂ ਦੇ ਹੱਥ ਆਉਂਦੀ ਹੈ ਉਹ ਬੁਰਜੁਆ ਪੈਂਤੜੇ ਦੇ ਹਿਤੀ ਲਾਉਂਦੇ ਹਨ। ਉਹ ਸਮਾਜਕ ਤੋਰ ਨੂੰ ਬੁਰਜੁਆ ਰਾਹੇ ਪਾਉਂਦੇ ਹਨ। ਜੇ ਇਹਨਾਂ ਦੇ ਹੱਥ ਸਟੇਟ ਆ ਜਾਵੇ ਤਾਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਖ਼ਤਮ ਹੋਈ ਤੇ ਉਸ ਦੀ ਥਾਂ ਬੁਰਜੁਆ ਡਿਕਟੇਟਰਸ਼ਿਪ ਸਥਾਪਤ ਹੋ ਗਈ।

**ਪਾਰਟੀ** ਦੇ ਅੰਦਰ ਚਲ ਰਹੀ ਤੂਫਾਨੀ ਜਮਾਤੀ ਜਦੋ-ਜਹਿਦ ਸ਼ਕਲ ਕੀ ਅਖ਼ਤਿਆਰ ਕਰਦੀ ਹੈ ? ਕੁਦਰਤੀ, ਸ਼ਕਲ ਅਖ਼ਤਿਆਰ ਕਰਦੀ ਹੈ, ਆਪਸ ਵਿਚ ਭਿੜਦੀਆਂ ਜਮਾਤਾਂ ਦੀ ਤਾਕਤ ਦੇ ਤਵਾਜ਼ਨ ਦੀ। ਵਿਰੋਧੀ ਜਮਾਤਾਂ ਆਪਸ ਵਿਚ ਭਿੜਦੀਆਂ ਹਨ ਸਮਾਜਕ ਤੋਰ ਨੂੰ ਆਪੋ ਆਪਣੇ ਜਮਾਤੀ ਪੈਂਤੜੇ ਦੇ ਰਾਹੇ ਪਾਉਣ ਲਈ। ਬੰਦਾ ਕੁਦਰਤ ਦਾ ਅੰਗ ਹੈ। ਉਹ ਆਪਣੀ ਜ਼ਿੰਦਗੀ ਦੇ ਵਸੀਲੇ ਉਸ ਕੋਲੋਂ ਲੈਂਦਾ ਹੈ । ਉਸ ਦਾ ਕੁਦਰਤ ਨਾਲ ਰਿਸ਼ਤਾ ਡਾਇਲੈਕਟਿਕ ਹੈ। ਦੂਸਰੇ ਲਫ਼ਜ਼ਾਂ ਵਿਚ, ਇਸ ਡਾਇਲੈਕਟਿਕ ਦੇ ਜੁਜ਼ ਹਨ—ਇਕ ਪਾਸੇ ਬੰਦਾ ਤੇ ਦੂਸਰੇ ਪਾਸੇ ਕੁਦਰਤ। ਸਮਾਜ ਦੀ ਤੋਰ ਕਿਸ ਜਮਾਤੀ ਪੈਂਤੜੇ ਦੀ ਹੋ ਕੇ ਚਲਦੀ ਹੈ—ਇਹ ਇਸ ਗਲ 'ਤੇ ਮੁਨਹੱਸਰ ਹੈ ਕਿ ਇਹਨਾਂ ਦੋਹਾਂ ਜੁਜ਼ਾਂ ਵਿਚੋਂ ਭਾਰੂ ਜੁਜ਼ ਕਿਹੜੀ ਹੈ, ਪਹਿਲ ਕਿਸ ਦੀ ਹੈ, ਜਮਾਤੀ ਪੈਂਤੜਾ ਇਹਨਾਂ ਦੋਹਾਂ ਜੁਜ਼ਾਂ ਵਿਚੋਂ ਸਮਾਜਕ ਤੋਰ ਦਾ ਮਨੋਰਥ ਕਿਸ ਨੂੰ ਬਣਾਉਂਦਾ ਹੈ ਤੇ ਵਸੀਲਾ ਕਿਸ ਨੂੰ ? ਜਿਸ ਤਰ੍ਹਾਂ ਇਸ ਡਾਇਲੈਕਟਿਕ ਦੇ ਜੁਜ਼ ਦੋ ਹਨ, ਏਸੇ ਤਰ੍ਹਾਂ ਹੀ ਬੁਨਿਆਦੀ ਤੌਰ 'ਤੇ ਸਮਾਜ ਦੀਆਂ ਕਿਸਮਾਂ ਵੀ ਦੋ ਹੀ ਮੁਮਕਿਨ ਹਨ। **ਇਕ**, ਜਿਸ ਵਿਚ ਬੰਦੇ ਦੀ ਸਰਦਾਰੀ ਹੈ, ਜਿਸ ਵਿਚ ਸਮਾਜ ਦਾ, ਸਮਾਜ ਦੀ ਤੋਰ ਦਾ ਮਨੋਰਥ ਬੰਦਾ ਹੈ ਤੇ ਕੁਦਰਤ ਉਸ ਦੀ ਜ਼ਿੰਦਗੀ ਦਾ ਵਸੀਲਾ, **ਦੂਸਰਾ**, ਜਿਸ ਵਿਚ ਸਰਦਾਰੀ ਕੁਦਰਤ ਦੀ, ਉਸ 'ਚੋਂ ਹੋਈ ਪੈਦਾਵਾਰ ਦੀ, ਪੈਸੇ ਦੀ, ਜਾਇਦਾਦ ਦੀ ਹੈ ਤੇ ਬੰਦਾ ਹੈ ਉਸ ਨੂੰ ਪੈਦਾ ਕਰਨ ਦਾ ਵਸੀਲਾ। ਜ਼ਾਹਿਰ ਹੈ ਕਿ ਸਮਾਜ ਜਮਾਤੀ ਬਣਦਾ ਹੀ ਤਾਂ ਹੈ ਜੇ ਉਸ ਵਿਚ ਸਰਦਾਰੀ ਕੁਦਰਤ ਦੀ, ਉਸ ਵਿਚੋਂ ਹੋਈ ਪੈਦਾਵਾਰ ਦੀ ਹੋਵੇ ਤੇ ਬੁਰਜੁਆ ਸਟੇਜ 'ਤੇ ਆਣ ਕੇ ਇਨਕਲਾਬ ਦੇ ਆਇਆਂ, ਉਸਾਰੀ ਦੀ ਬੋਲੀ ਵਿਚ ਜੇ ਪਹਿਲ ਮਿਲੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਨੂੰ, ਜੇ ਇਨਕਲਾਬ ਦੇ ਪੂਰਿਆਂ ਕਰਨ ਦੇ ਕੰਮ ਨੂੰ ਠੱਪ ਕੇ ਮਨੋਰਥ ਬਣਾਇਆ ਜਾਵੇ ਪੈਦਾਵਾਰ ਦੇ ਵਧਾਉਣ ਨੂੰ, ਆਰਥਕਤਾ ਦੇ ਉਸਾਰਨ ਨੂੰ।

**ਬੁਰਜੁਆ ਪੈਂਤੜਾ** ਹਮੇਸ਼ਾਂ ਕਮਾਨ ਦੇਂਦਾ ਹੈ ਆਰਥਕਤਾ ਦੇ ਹੱਥ। ਆਪਣੇ ਆਪ ਨੂੰ ਖਤਮ ਕਰਨ ਦੇ ਰਾਹ ਪਿਆਂ ਬਗ਼ੈਰ, ਇਸ ਤੋਂ ਉਲਟ ਉਹ ਜਾ ਹੀ ਨਹੀਂ ਸਕਦਾ। (ਇਸ ਦੇ ਉਲਟ ਪਰੋਲਤਾਰੀ ਦਾ ਪੈਂਤੜਾ ਚੂੰਕਿ ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਪੈਂਤੜਾ ਹੈ ਉਹ ਆਰਥਕਤਾ ਨੂੰ ਮਨੋਰਥ ਬਣਾ ਹੀ ਨਹੀਂ ਸਕਦਾ, ਉਸ ਦੇ ਹੱਥ ਕਮਾਨ ਦੇ ਹੀ ਨਹੀਂ ਸਕਦਾ। ਉਹ ਹਮੇਸ਼ਾਂ ਕਮਾਨ ਦੇਂਦਾ ਹੈ ਆਪਣੀ ਸਿਆਸਤ ਨੂੰ। ਮੁਖੀ ਕੜੀ ਬਣਾਉਂਦਾ ਹੈ ਜਮਾਤੀ ਜਦੋ-ਜਹਿਦ ਨੂੰ। ਅਗੇਤ ਕਰਦਾ ਹੈ ਬੰਦੇ ਨੂੰ। ਸਮਾਜ ਵਿਚ ਸਰਦਾਰੀ ਸਥਾਪਤ ਕਰਾਉਂਦਾ ਹੈ ਉਸ ਦੀ। ਭਾਰੀ ਜੁਜ਼ ਬਣਾਉਂਦਾ ਹੈ ਉਸ ਦੀ, ਸਮਾਜਕ ਜ਼ਿੰਦਗੀ ਦਾ ਮਨੋਰਥ ਬਣਾਉਂਦਾ ਹੈ ਉਸ ਨੂੰ) ਇਨਕਲਾਬ ਦੇ ਮਗਰੋਂ ਬੁਰਜੁਆ ਪੈਂਤੜੇ ਦੀ ਸਿਆਸੀ ਵਿਚਾਰਧਾਰਕ ਲੀਡਰਸ਼ਿਪ ਪਾਰਟੀ ਤੋਂ ਬਾਹਰ ਤਾਂ ਕਿਤੇ ਰਹਿੰਦੀ ਨਹੀਂ, ਸੋ ਉਹ ਆਪਣੀ ਸਿਆਸੀ, ਵਿਚਾਰਧਾਰਕ ਲੀਡਰ-ਸ਼ਿਪ ਪਾਰਟੀ ਦੇ ਵਿਚੋਂ, ਉਸ ਦੀ ਲੀਡਰਸ਼ਿਪ ਦੇ ਵਿਚੋਂ ਹੀ ਉਸਾਰਦਾ ਹੈ। ਆਪਸ ਵਿਚ ਵਿਰੋਧੀ ਦੋਹਾਂ ਜਮਾਤੀ ਪੈਂਤੜਿਆਂ ਦੀਆਂ ਨੀਤੀਆਂ ਦਾ ਨਿਖੇੜ, ਉਹਨਾਂ ਦੀ ਪਰਖ ਬਹੁਤ ਔਖੀ ਨਹੀਂ। ਧਿਆਨ ਰਖਣ ਵਾਲੀ ਸਿਰਫ਼ ਇਕ ਹੀ ਗੱਲ ਹੈ ਕਿ ਕੀ ਪੇਸ਼ ਕੀਤੀ ਜਾ ਰਹੀ ਨੀਤੀ, ਲਈ ਲਾਈਨ ਵਰਕਰ ਜਮਾਤ ਦੀ ਤਾਕਤ ਨੂੰ ਵਧਾਉਂਦੀ ਹੈ ਜਾਂ ਉਸ ਨੂੰ ਘੱਟੇ ਕੌਡੀਆਂ ਰਲਾਉਂਦੀ ਹੈ ? ਕੀ ਉਹ ਜ਼ਿੰਦਗੀ ਦੇ ਹਰ ਪੱਧਰ, ਹਰ ਪਹਿਲੂ ਵਿਚ ਪਰੋਲਤਾਰੀ ਦੀ ਡਿਕਟੇਟਰ-ਸ਼ਿਪ ਦੇ ਪੈਰ ਪੱਕੇ ਕਰਦੀ ਹੈ ਜਾਂ ਉਸਦੀਂ ਜੜ੍ਹੀਂ ਤੇਲ ਦੇਂਦੀ ਹੈ ? ਕੀ ਉਹ ਕਲਚਰਲ



> **ਪਾਰਟੀ ਦ ਅੰਦਰਲੀ ਬੁਰਜੁਆ ਪੈਂਤੜ ਵਾਲੀ ਲੀਡਰਸ਼ਿਪ ਮੁਹਾਵਰਾ ਮਾਰਕਸਵਾਦ ਦਾ ਵਰਤਦੀ ਹੈ ਅਤੇ ਅਸਲਾ ਪੇਸ਼ ਕਰਦੀ ਹੈ—ਇਕਾਨੋਮਿਜ਼ਮ ਦਾ...**

ਇਨਕਲਾਬ ਤੇ ਉਸ ਦੀ ਕੀਤੀ ਦੇ ਨਾਲ ਮਰਦੀ ਹੈ ਜਾਂ ਉਸ ਨੂੰ ਬੇਲੋੜਾ ਕਰਾਰ ਦੇਂਦੀ ਹੈ ਤੇ ਜ਼ਹਿਰ ਸਮਝ ਕੇ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਦੀ ਹੈ ?

ਚੂੰਕਿ ਇਨਕਲਾਬ ਆ ਚੁਕਾ ਹੁੰਦਾ ਹੈ, ਬੁਰਜੁਆ ਪੈਂਤੜੇ ਦੀ ਲੀਡਰਸ਼ਿਪ ਵੀ ਪਾਰਟੀ ਦੇ ਵਿਚੋਂ ਹੀ ਹੁੰਦੀ ਹੈ। ਉਹ ਸਿੱਧੀ ਬੁਰਜੁਆ ਬੋਲੀ ਤਾਂ ਬੋਲ ਨਹੀਂ ਸਕਦੀ। ਜ਼ਾਹਿਰ ਤਾਂ ਉਸ ਨੇ ਇਹ ਹੀ ਕਰਨਾ ਹੁੰਦਾ ਹੈ ਕਿ ਉਹ ਮਾਰਕਸਵਾਦੀ ਹੈ। ਸੋ ਮੁਹਾਵਰਾ ਉਹ ਵਰਤਦੀ ਹੈ ਮਾਰਕਸਵਾਦ ਦਾ ਤੇ ਅਸਲਾ ਪੇਸ਼ ਕਰਦੀ ਹੈ ਇਕਾਨੋਮਿਜ਼ਮ ਦਾ। ਆਪਣੇ ਆਪ ਨੂੰ ਮਾਰਕਸ-ਵਾਦੀ ਪੇਸ਼ ਕਰਨ ਦੀ ਕਿਉਂਕਿ ਉਸ ਨੂੰ ਮਜਬੂਰੀ ਹੁੰਦੀ ਹੈ, ਉਸ ਦੇ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਉਹ ਦੱਸੇ ਕਿ ਇਨਕਲਾਬ ਦੇ ਆਉਣ ਮਗਰੋਂ ਸਮਾਜ ਵਿਚ ਮੁਖੀ ਵਿਰੋਧ ਕਿਹੜਾ ਹੈ ? ਜੇ ਉਹ ਅਸਲੀਅਤ ਦੱਸੇ ਕਿ ਮੁਖੀ ਵਿਰੋਧ ਬੁਰਜੁਆ ਤੇ ਪਰੋਲਤਾਰੀ ਦੇ ਪੈਂਤੜਿਆਂ ਦਾ ਹੈ ਤਾਂ ਉਹ ਮਰਦੀ ਹੈ। ਉਸ ਨੂੰ ਜਮਾਤੀ ਜਦੋ-ਜਹਿਦ ਦੇ ਰਾਹੇ ਪੈਣਾ ਪੈਂਦਾ ਹੈ। ਇਹ ਖ਼ੁਦਕਸ਼ੀ ਉਹ ਕਰ ਨਹੀਂ ਸਕਦੀ। ਸੋ ਉਹ ਦਸਦੀ ਹੈ ਕਿ ਇਨਕਲਾਬ ਦੇ ਆਇਆਂ ਮੁਖੀ ਵਿਰੋਧ ਹੈ—ਦੂਰ ਪਹੁੰਚ ਗਏ ਸਮਾਜਕ ਸਿਸਟਮ (advanced social system) ਤੇ ਪਛੜੀਆਂ ਹੋਈਆਂ ਪੈਦਾਵਾਰ ਦੀਆਂ ਸ਼ਕਤੀਆਂ ਦੇ ਦਰਮਿਆਨ (backward powers of production)। ਦੂਰ ਪਹੁੰਚ ਗਿਆ ਸਮਾਜਕ ਸਿਸਟਮ ਉਹ ਕਿਸ ਨੂੰ ਕਹਿੰਦੀ ਹੈ ? ਪੈਦਾਵਾਰ ਦੇ ਵਸੀਲਿਆਂ ਦੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਮਲਕੀਅਤ ਹੋਣ ਨੂੰ, ਸਟੇਟ ਦੀ, ਪਾਰਟੀ ਦੀ ਮਲਕੀਅਤ ਹੋਣ ਨੂੰ। ਉਸ ਦੇ ਅਨੁਸਾਰ ਜਦੋਂ ਪੈਦਾਵਾਰ ਦੇ ਵਸੀਲੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਮਲਕੀਅਤ ਹੋ ਜਾਣ, ਇਨਕਲਾਬ ਪੂਰਾ ਹੋ ਗਿਆ। ਉਹ ਨਾਹਰਾ ਇਹ ਦੇਂਦੀ ਹੈ ਕਿ ਸਮਾਜਵਾਦ ਸਥਾਪਤ ਹੋ ਗਿਆ ਹੈ। ਪੇਸ਼ ਮਸਲਾ ਇਕ ਹੀ ਰਹਿ ਗਿਆ ਤੇ ਉਹ ਹੈ ਪੈਦਾਵਾਰ ਦੀਆਂ ਸ਼ਕਤੀਆਂ ਨੂੰ ਉਸਾਰਨ ਦਾ। ਮੁਲਕ ਦੀ ਸਨਅਤੀ ਉਸਾਰੀ ਕਰਨ ਦਾ। ਚੂੰਕਿ ਉਹ ਪੈਦਾਵਾਰ ਦੇ ਰਿਸ਼ਤਿਆਂ ਦੀ ਕਾਇਆਂ-ਪਲਟੀ ਕਰਨ ਦਾ ਭੋਗ ਹੀ ਨਹੀਂ ਪਾਉਂਦੀ, ਸੁ ਇਸ ਪ੍ਰਸੰਗ ਵਿਚ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦਾ, ਮੁਲਕ ਦੀ ਸਨਅਤੀ ਉਸਾਰੀ ਦਾ ਅਰਥ ਹੋ ਗਿਆ ਇਹਨਾਂ ਦੀ ਬੁਰਜੁਆ ਰਾਹੇ ਉਸਾਰੀ। ਜੇ ਇਹ ਨੀਤੀ ਪ੍ਰਵਾਨ ਕੀਤੀ ਜਾਵੇ ਤਾਂ ਬੁਰਜੁਆ ਪੈਂਤੜਾ ਮੱਲ ਮਾਰ ਗਿਆ। ਉਸ ਦਾ ਰਾਂਝਾ ਰਾਜ਼ੀ ਹੋ ਗਿਆ। ਹੋ ਕੀ ਗਿਆ ? ਮਾਰਕਸਵਾਦ ਇਕਾਨੋਮਿਜ਼ਮ ਬਣ ਗਿਆ।

**ਪਰੋਲਤਾਰੀ ਦਾ ਪੈਂਤੜਾ** ਤੇ ਉਸ ਦੀ ਚੇਤਨਤਾ—ਮਾਰਕਸਵਾਦ—ਲੋਕਾਂ ਦੀ ਅੱਖੀਂ ਘੱਟਾ ਨਹੀਂ ਪਾਉਂਦੇ। ਉਹ ਅਸਲੀਅਤ ਜ਼ਾਹਿਰ ਕਰਦੇ ਹਨ ਕਿ ਇਨਕਲਾਬ ਦੇ ਆਉਣ ਨਾਲ ਇਨਕਲਾਬ ਸਿਰੇ ਨਹੀਂ ਚੜ੍ਹ ਜਾਂਦਾ। ਸਮਾਜਕ ਰਿਸ਼ਤਿਆਂ ਦੀ ਕਾਇਆਂ-ਪਲਟੀ ਕਰਨੀ ਅਜੇ ਬਾਕੀ ਹੁੰਦੀ ਹੈ। ਇਸ ਵਾਸਤੇ ਹੀ ਪਰੋਲਤਾਰੀ ਦੇ ਪੈਂਤੜੇ ਵਾਲਿਆਂ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਉਹ ਮਾਰਕਸਵਾਦ ਨੂੰ ਵਰਨ ਤੇ ਉਸ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਨੂੰ ਮੁਖੀ ਰੱਖੀ ਜਾਣ। ਹੋਈ ਜਮਾਤੀ ਜਦੋ-ਜਹਿਦ ਤੋਂ ਮਾਰਕਸਵਾਦ ਨੂੰ ਅੱਗੇ ਉਸਾਰਨ, ਉਸ ਨੂੰ ਵਰਨ ਤੇ

ਉਸ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਨੂੰ ਅਗਲੀ ਪੌੜੀ ਚੜ੍ਹਾਉਣ। ਇਹ ਹੈ ਮਾਰਕਸਵਾਦ ਦਾ ਮੂਲ ਤੇ ਉਸ ਦੀ ਕਰਨੀ।

**ਬੁਰਜੂਆ ਪੈਂਤੜਾ** ਤੇ ਉਸ ਦੀ ਸਿਆਸੀ, ਵਿਚਾਰਧਾਰਕ ਲੀਡਰਸ਼ਿਪ ਨੂੰ ਇਹ ਰਾਹ ਪੁਗ ਨਹੀਂ ਸਕਦਾ। ਉਸ ਦੇ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਨਾ ਸਿਰਫ਼ ਮਾਰਕਸਵਾਦ ਨੂੰ ਹੀ ਇਕਾਨੋਮਿਜ਼ਮ ਬਣਾਵੇ ਬਲਕਿ ਵਰਕਰ ਜਮਾਤ ਨੂੰ ਵੀ ਇਕਾਨੋਮਿਜ਼ਮ ਦਾ ਸ਼ਿਕਾਰ ਕਰੀ ਰੱਖੇ। ਸਨਅਤੀ ਮਜ਼ਦੂਰ ਜਮਾਤ ਦੀ ਪੁਜ਼ੀਸ਼ਨ ਡਾਇਲੈਕਟਿਕ ਹੁੰਦੀ ਹੈ। ਉਸ ਦੀ ਡਾਇਲੈਕਟਿਕ ਪੁਜ਼ੀਸ਼ਨ ਦੀ ਇਕ ਜੁਜ਼ ਹੁੰਦੀ ਹੈ ਜਿਸ ਦੇ ਲੜ ਲੱਗਿਆਂ ਉਹ ਬੁਰਜੁਆਜ਼ੀ ਦੀ ਗੁਲਾਮ ਰਹਿੰਦੀ ਹੈ। ਨਿਰਾ ਕੰਮ ਕਰਦਾ ਹੱਥ ਬਣ ਕੇ ਵਗਦੀ ਹੈ। ਲੱਦੇ ਦਾ ਪਸ਼ੂ ਬਣ ਕੇ ਦਿਨ ਪੂਰੇ ਕਰਦੀ ਹੈ। ਉਸ ਦੀ ਪੁਜ਼ੀਸ਼ਨ ਦੀ ਦੂਸਰੀ ਜੁਜ਼ ਹੁੰਦੀ ਹੈ ਜਿਸ ਦੇ ਰਾਹੇ ਪਿਆਂ ਉਹ ਆਪਣਾ ਇਤਿਹਾਸਕ ਰੋਲ ਅਦਾ ਕਰਦੀ ਹੈ। ਬੁਰਜੁਆਜ਼ੀ ਨੂੰ ਕਬਰ ਵਿਚ ਪਾਉਂਦੀ ਹੈ। ਪਾਰਟੀ ਵਿਚਲੀ ਬੁਰਜੂਆ ਪੈਂਤੜੇ ਦੀ ਲੀਡਰ-ਸ਼ਿਪ ਵਰਕਰ ਜਮਾਤ ਨੂੰ ਇਕਾਨੋਮਿਜ਼ਮ ਦਾ ਸ਼ਿਕਾਰ ਬਣਾਉਂਦੀ ਹੈ। ਉਸ ਨੂੰ ਪਤਾ ਹੈ ਕਿ ਪਰੋਲਤਾਰੀ ਆਪਣਾ ਇਤਿਹਾਸਕ ਰੋਲ ਤਾਂ ਹੀ ਅਦਾ ਕਰ ਸਕਦੀ ਹੈ ਜੇ ਉਹ ਮਾਰਕਸਵਾਦ ਨੂੰ ਵਰੇ ਅਤੇ ਉਸ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਦੀ ਹੋ ਨਿਬੜੇ। ਇਹ ਜਾਣਦੀ ਹੋਈ ਉਹ ਇਸ ਰਾਹ ਦਾ ਦਰ ਬੰਦ ਕਰਦੀ ਹੈ। ਵਰਕਰ ਜਮਾਤ ਨੂੰ ਮਾਰਕਸਵਾਦੀ ਸਿਆਸੀ ਚੇਤਨਤਾ ਤੋਂ ਕੋਰਿਆਂ ਰਖਦੀ ਹੈ। ਉਸ ਨੂੰ ਮਾਰਕਸਵਾਦੀ ਸਿਆਸੀ ਅਮਲ ਦੇ ਨੇੜੇ ਨਹੀਂ ਲੱਗਣ ਦੇਂਦੀ। ਜਮਾਤੀ ਜਦੋ-ਜਹਿਦ ਦੀ ਲੋੜ ਤੋਂ ਮੁਨਕਿਰ ਹੁੰਦੀ ਹੈ। ਉਸ ਨੂੰ ਹਰ ਮੁਮਕਿਨ ਤਰੀਕੇ ਨਾਲ ਠਪਦੀ ਹੈ। ਉਹ ਵਰਕਰ ਜਮਾਤ ਦੇ ਨਜ਼ਰੀਏ ਨੂੰ ਆਰਥਕਤਾ ਦੇ ਦਾਇਰੇ ਵਿਚ ਹੀ ਮਹਿਦੂਦ ਰਖਦੀ ਹੈ। ਉਹ ਵਰਕਰ ਜਮਾਤ ਨੂੰ ਇਵਜ਼ਾਨੇ ਦੇ ਵਾਧੇ ਘਾਟੇ ਦੀ ਗਿਣਤੀ ਮਿਣਤੀ ਦੇ ਦਾਇਰੇ ਵਿਚ ਹੀ ਚੱਕਰ ਲਵਾਉਂਦੀ ਹੈ। ਉਸ ਦਾ ਮਨੋਰਥ ਹੀ ਇਹ ਹੁੰਦਾ ਹੈ ਕਿ ਵਰਕਰ ਜਮਾਤ ਆਪਣੇ ਇਵਜ਼ਾਨੇ ਦੇ ਚੱਕਰ ਵਿਚ ਹੀ ਘੁੰਮਦੀ ਰਹੇ ਅਤੇ ਆਪਣੇ ਜਮਾਤੀ ਅਕਸ ਵਿਚ, ਜਮਾਤੀ ਹਿੱਤ ਦੇ ਅਨੁਸਾਰ ਸਾਰੀ ਜ਼ਿੰਦਗੀ ਨੂੰ ਸਿਰਜਣ ਦੇ ਰਾਹੇ ਨਾ ਪਵੇ, ਉਸ ਦਾ ਸੁਪਨਾ ਵੀ ਨਾ ਲਵੇ। ਉਹ ਤਾਂ ਸਿਧਾਂਤ ਹੀ ਇਹ ਪ੍ਰਚਲਤ ਕਰਦੀ ਹੈ ਕਿ ਵਰਕਰ ਜਮਾਤ ਨੂੰ ਸਿਆਸਤ ਵਿਚ ਕੋਈ ਦਿਲਚਸਪੀ ਹੀ ਨਹੀਂ। ਉਹ ਤਾਂ ਆਪਣੇ ਚੁਲ੍ਹੇ ਅੱਗ ਚਾਹੁੰਦੀ ਹੈ, ਆਪਣਾ ਠੂਠਾ ਭਰਿਆ ਮੰਗਦੀ ਹੈ। ਇਸ ਤੋਂ ਅੱਗੇ, ਇਸ ਤੋਂ ਬਾਹਰ ਉਹਨੂੰ ਕਿਸੇ ਲੱਥੀ ਚੜ੍ਹੀ ਦੀ ਨਹੀਂ। ਇਹ ਲੀਡਰਸ਼ਿਪ ਇਸ ਗੱਲ ਦਾ ਭੋਗ ਹੀ ਨਹੀਂ ਪਾਉਂਦੀ (ਨਹੀਂ ਪਾ ਸਕਦੀ) ਕਿ ਵਰਕਰ ਜਮਾਤ ਦਾ ਹਿੱਤ ਹੈ ਸਾਰੀ ਦੁਨੀਆਂ ਨੂੰ, ਸਾਰੀ ਜ਼ਿੰਦਗੀ ਨੂੰ ਨਵੇਂ ਸਿਰਿਉਂ ਸਿਰਜਣਾ।

**ਇਹ ਲੀਡਰਸ਼ਿਪ** ਸਿਰਫ਼ ਇਸ ਵਾਸਤੇ ਹੀ ਇਹ ਲਾਈਨ ਨਹੀਂ ਲੈਂਦੀ ਕਿ ਇਹ ਬੁਰਜੂਆ ਪੈਂਤੜੇ ਦੀ ਮੰਗ ਹੈ ਬਲਕਿ ਇਸ ਵਾਸਤੇ ਵੀ ਕਿ ਉਹ ਆਪ ਬੁਰਜੂਆ ਤਰਜ਼ੇ-ਜ਼ਿੰਦਗੀ ਦੀ ਹੋ ਚੁਕੀ ਹੁੰਦੀ ਹੈ ਅਤੇ ਪਰੋਲਤਾਰੀ ਦੇ ਪੈਂਤੜੇ ਤੋਂ ਕੀਤੀ ਜਮਾਤੀ ਜਦੋ-ਜਹਿਦ ਉਹਨਾਂ ਦੇ ਆਪਣੇ ਖ਼ਿਲਾਫ਼ ਹੀ ਡਹਿੰਦੀ ਹੈ। ਉਹਨਾਂ ਦੀ ਆਪਣੀ ਪੁਜ਼ੀਸ਼ਨ ਦਾ ਘੁਟ ਭਰਦੀ ਹੈ। ਇਸ ਵਾਸਤੇ ਉਹਨਾਂ ਦੀ ਸਿਆਸਤ ਦਾ ਬੁਨਿਆਦੀ ਅਮਲ ਹੀ ਜਮਾਤੀ ਜਦੋ-ਜਹਿਦ ਦਾ ਸਾਹ ਪੀਣਾ ਹੁੰਦਾ ਹੈ ਤੇ ਵਰਕਰ ਜਮਾਤ ਨੂੰ ਇਨਕਲਾਬ ਦੇ ਪੂਰਿਆਂ ਕਰਨ ਦੇ ਰਾਹੋਂ ਰੋਕਣ ਦਾ। ਇਹ ਲੀਡਰਸ਼ਿਪ ਤਾਂ ਸਿਧਾਂਤ ਹੀ ਇਹ ਪੇਸ਼ ਕਰਦੀ ਹੈ ਕਿ ਵਰਕਰ ਜਮਾਤ ਦਾ ਵਾਸਤਾ ਹੈ ਦੱਸੇ, ਦਿੱਤੇ ਕੰਮ ਨੂੰ ਕਰੀ ਜਾਣ ਨਾਲ। ਉਸ ਦਾ ਇਸ ਗੱਲ ਨਾਲ ਕੋਈ ਤਅਲਕ ਨਹੀਂ



ਕਿ ਅਗਵਾਈ ਕੌਣ ਕਰਦਾ ਹੈ ਤੇ ਕੀਤੀ ਅਗਵਾਈ ਸਮਾਜ ਨੂੰ ਕਿਧਰ ਲਿਜਾ ਰਹੀ ਹੈ। ਇਸ ਲੀਡਰਸ਼ਿਪ ਦਾ ਮੂਲ ਮਨੋਰਥ ਹੀ ਇਹ ਹੁੰਦਾ ਹੈ ਕਿ ਵਰਕਰ ਜਮਾਤ ਇਸ ਮਸਲੇ ਨੂੰ ਮੁਖਾਤਬ ਹੀ ਨਾ ਹੋਵੇ ਕਿ ਸਮਾਜ ਦੀ, ਕਾਬਜ਼ ਨਿਜ਼ਾਮ ਦੀ ਕਿਸਮ ਕੀ ਹੈ ਤੇ ਕੀ ਹੋਣੀ ਚਾਹੀਦੀ ਹੈ। ਮਤਲਬ ਹੈ ਕਿ ਉਹ ਆਪਣੀ ਨਕੇਲ ਬੁਰਜੁਆਜ਼ੀ ਦੇ ਹੱਥ ਫੜਾਈ ਰੱਖੇ ਤੇ ਆਪ ਲੱਦੇ ਦਾ ਪਸ਼ੂ ਬਣੀ ਵਗਦੀ ਤੁਰੀ ਜਾਵੇ। ਸਿਵਾਏ ਆਪਣੇ ਰੋਜ਼ਗਾਰ ਦੇ ਕੰਮ ਤੋਂ ਹੋਰ ਕਿਸੇ ਪਾਸੇ ਕੰਨ ਨਾ ਮੰਜੇ। ਤੇ ਜਿੰਨਾਂ ਚਿਰ ਵਰਕਰ ਜਮਾਤ ਆਰਥਕਤਾ ਦੇ ਦਾਇਰੇ ਵਿਚ ਹੀ ਮਹਿਦੂਦ ਰਹਿੰਦੀ ਹੈ ਬੁਰਜੂਆ ਪੈਂਤੜੇ ਨੂੰ ਕੋਈ ਤੌਖ਼ਲਾ ਨਹੀਂ।

> **ਬੁਰਜੂਆ ਪੈਂਤੜੇ ਵਾਲੀ ਪਾਰਟੀ ਦੀ ਲੀਡਰਸ਼ਿਪ ਵਰਕਰ ਜਮਾਤ ਨੂੰ ਮਾਰਕਸਵਾਦੀ ਸਿਆਸੀ ਚੇਤਨਤਾ ਤੋਂ ਕੋਰਿਆਂ ਰਖਦੀ ਹੈ...ਉਸ ਨੂੰ ਇਵਜ਼ਾਨੇ ਦ ਵਾਧੇ ਘਾਟੇ ਦੀ ਗਿਣਤੀ ਮਿਣਤੀ ਦੇ ਦਾਇਰੇ ਵਿਚ ਹੀ ਚੱਕਰ ਲਵਾਉਂਦੀ ਹੈ।**

**ਦੋਂਹ ਪੈਂਤੜਿਆਂ ਦਾ ਭੇੜ** : ਇਨਕਲਾਬ ਦੇ ਆਇਆਂ ਬੁਰਜੂਆ ਤੇ ਪਰੋਲਤਾਰੀ ਦੇ ਪੈਂਤੜੇ ਆਮੋਂ ਸਾਹਮਣੇ ਹੁੰਦੇ ਹਨ ਅਤੇ ਸਮਾਜਵਾਦ ਦੇ ਸਾਰੇ ਦੌਰ ਵਿਚ, ਕਮਿਊਨਿਸਟ ਸਮਾਜ ਦੀ ਸਥਾਪਤੀ ਤਕ, ਸਾਰੇ ਇਤਿਹਾਸਕ ਦੌਰ ਵਿਚ ਇਹਨਾਂ ਦੋਹਾਂ ਜਮਾਤੀ ਪੈਂਤੜਿਆਂ ਨੇ ਆਮੋਂ-ਸਾਹਮਣੇ ਰਹਿਣਾ ਹੁੰਦਾ ਹੈ। ਪੇਸ਼ ਮਸਲਾ ਇਹ ਹੁੰਦਾ ਹੈ ਕਿ ਆਏ ਇਨਕਲਾਬ ਨੇ ਆਪਣੇ ਪੂਰੇ ਹੋਣ ਦੇ ਰਾਹੇ ਰਹਿਣਾ ਹੈ ਜਾਂ ਕੁਰਾਹੇ ਪੈ ਕੇ ਉਲਟ-ਇਨਕਲਾਬ ਹੋ ਤੁਰਨਾ ਹੈ। ਇਹ ਪਰੋਲਤਾਰੀ ਤੇ ਬੁਰਜੂਆ ਪੈਂਤੜਿਆਂ ਦੀ ਆਪਸ ਵਿਚ ਤਾਕਤ ਦੇ ਤਵਾਜ਼ਨ ਦਾ, ਪਰੋਲਤਾਰੀ ਤੇ ਬੁਰਜੂਆ ਜਮਾਤਾਂ ਦੀ ਤਾਕਤ ਦੇ ਤਵਾਜ਼ਨ ਦਾ ਸਵਾਲ ਹੈ। ਤਾਕਤ ਦਾ ਅਰਥ ਸਿਆਸੀ ਤਾਕਤ ਹੈ, ਸਟੇਟ ਦੀ ਤਾਕਤ ਹੈ। ਸਵਾਲ ਹੈ ਕਿ ਸਟੇਟ ਦੀ ਤਾਕਤ ਇਹਨਾਂ ਦੋਹਾਂ ਵਿਚੋਂ ਕਿਸ ਦੇ ਹੱਥ ਰਹਿੰਦੀ ਹੈ। ਸਟੇਟ ਪਾਰਟੀ ਦੇ ਹੱਥ ਹੁੰਦੀ ਹੈ। ਸੋ ਮਸਲਾ ਇਹ ਹੈ ਕਿ ਸਿਆਸੀ ਤਾਕਤ ਦੇ, ਸਟੇਟ ਦੇ ਹੱਥ ਆਇਆਂ, ਇਨਕਲਾਬ ਦੇ ਆਇਆਂ ਪਾਰਟੀ ਜਾਂ ਉਸ ਦਾ ਭਾਰੂ ਅੰਗ ਕਿਸ ਰੰਗ ਦਾ ਰਹਿੰਦਾ ਹੈ? ਪਾਰਟੀ ਜਾਂ ਉਸ ਦਾ ਭਾਰੂ ਅੰਗ ਪਰੋਲਤਾਰੀ ਦੇ ਪੈਂਤੜੇ ਦਾ ਰਹਿੰਦਾ ਹੈ ਜਾਂ ਬੁਰਜੂਆ ਪੈਂਤੜੇ ਦਾ ਹੋ ਤੁਰਦਾ ਹੈ? ਇਹ ਬੁਨਿਆਦੀ ਤੌਰ 'ਤੇ ਪਾਰਟੀ ਦੇ ਕਾਡਰ, ਉਸ ਦੀ ਸਿਖਰਲੀ ਲੀਡਰਸ਼ਿਪ ਦੀ ਮਨੁੱਖੀ ਬਣਤਰ ਦਾ, ਉਸ ਦੀ ਜਮਾਤੀ ਚੇਤਨਤਾ ਦਾ, ਉਸ ਦੇ ਨਜ਼ਰੀਏ ਦਾ ਮਸਲਾ ਹੈ। ਪਾਰਟੀ ਦੀ, ਸਿਆਸੀ ਲੀਡਰਸ਼ਿਪ ਦੀ ਅਹਿਮੀਅਤ ਇਸ ਵਾਸਤੇ ਹੈ ਕਿ ਸਟੇਟ ਉਸ ਦੇ ਕਬਜ਼ੇ ਵਿਚ ਹੈ। ਦੋਹਾਂ ਜਮਾਤੀ ਪੈਂਤੜਿਆਂ ਵਿਚੋਂ ਜਿਹੜਾ ਪੈਂਤੜਾ ਸਟੇਟ ਲੈ ਗਿਆ ਉਹ ਮੱਲ ਮਾਰ ਗਿਆ। ਸੋ ਇਨਕਲਾਬ ਦੇ ਆਇਆਂ ਮਸਲਾ ਇਹ ਆਣ ਪੇਸ਼ ਹੁੰਦਾ ਹੈ ਕਿ ਪਾਰਟੀ ਦਾ ਕਾਡਰ ਤੇ ਉਸ ਦੀ ਸਿਖਰਲੀ ਲੀਡਰਸ਼ਿਪ ਮਾਰਕਸੀ ਰਹਿੰਦੀ ਹੈ ਜਾਂ ਅਫ਼ਸਰਸ਼ਾਹੀ ਬਣ ਤੁਰਦੀ ਹੈ ਤੇ ਮੁਲਖੱਈਏ ਦੇ ਸਿਰ 'ਤੇ ਸਵਾਰ ਹੋ ਜਾਂਦੀ ਹੈ, ਬੁਰਜੂਆ ਤਰਜ਼ੇ-ਜ਼ਿੰਦਗੀ ਦੀ ਝੋਲੀ ਪੈ ਜਾਂਦੀ ਹੈ। ਪਾਰਟੀ ਦੇ ਕਾਡਰ ਤੇ ਉਸ ਦੀ ਸਿਖਰਲੀ ਲੀਡਰਸ਼ਿਪ ਨੂੰ ਅਫ਼ਸਰਸ਼ਾਹੀ ਬਣਨੋ ਬਚਾਅ ਕੌਣ ਸਕਦਾ ਹੈ? ਮਾਰਕਸਵਾਦ, ਉਸ ਦੀ ਉਸਾਰੀ ਤੇ ਉੱਸਰੇ ਮਾਰਕਸਵਾਦ ਦੇ ਆਧਾਰ 'ਤੇ ਬੁਰਜੂਆ ਪੈਂਤੜੇ ਦੇ ਵਿਰੁਧ ਲਗਾਤਾਰ ਜਮਾਤੀ ਜਦੋ-ਜਹਿਦ, ਮੁਲਖੱਈਏ ਨਾਲ

ਪਾਰਟੀ ਦਾ, ਉਸ ਦੇ ਕਾਡਰ ਦਾ, ਉਸ ਦੀ ਸਿਖਰਲੀ ਲੀਡਰਸ਼ਿਪ ਦਾ ਨਹੁੰ ਮਾਸ ਦਾ ਰਿਸ਼ਤਾ, ਮੁਲਖੱਈਏ ਨਾਲ ਸੱਚ ਦਾ ਦਵੱਲੀ ਲੈਣ ਦੇਣ। (**From the masses, to the masses**) ਦੂਸਰੇ ਲਫ਼ਜ਼ਾਂ ਵਿਚ ਲੋਕ ਲਾਈਨ।

**ਸਿਆਸੀ ਤਾਕਤ** ਦੀ, ਸਿਆਸੀ ਲੀਡਰਸ਼ਿਪ ਦੀ ਅਹਿਮੀਅਤ ਦੇਖਣ ਤੋਂ ਮਗਰੋਂ ਅਸੀਂ ਹੁਣ ਵੇਖਣਾ ਇਹ ਹੈ ਕਿ ਆਏ ਇਨਕਲਾਬ ਦੇ ਸਿੱਧੇ ਰਾਹੇ ਰਹਿਣ ਦਾ ਅਮਲੀ ਪੱਧਰ 'ਤੇ ਕੀ ਅਰਥ ਹੈ ਤੇ ਉਸ ਦੇ ਕੁਰਾਹੇ ਪੈਣ ਦਾ ਕੀ ? ਸਮਾਜ ਦਾ ਆਧਾਰ ਹੈ ਪੈਦਾਵਾਰ ਦਾ ਵੇਗ, ਪੈਦਾਵਾਰ ਦੇ ਰਿਸ਼ਤੇ। ਸਮਾਜ ਤੁਰਦਾ ਹੈ ਆਪਣੇ ਕੰਮ ਦਾ ਤੋਰਿਆ। ਜਿਸ ਕਿਸਮ ਦਾ ਸਮਾਜ ਦਾ ਕੰਮ, ਉਸੇ ਕਿਸਮ ਦੀ ਉਸ ਦੀ ਤੋਰ। ਇਹ ਤਾਂ ਸਪਸ਼ਟ ਹੀ ਹੈ ਕਿ ਇਨਕਲਾਬ ਦੇ ਆਇਆਂ, ਸਟੇਟ ਦੇ ਪਾਰਟੀ ਦੇ ਕਬਜ਼ੇ ਵਿਚ ਆਇਆਂ, ਪੈਦਾਵਾਰ ਦੇ ਵਸੀਲਿਆਂ ਦੇ ਇਸ ਸਟੇਟ ਦੀ ਮਲਕੀਅਤ ਹੋਇਆਂ ਸਮਾਜ ਦੇ ਕੰਮ ਦੀ ਕਿਸਮ ਮੂਲ ਰੂਪ ਵਿਚ ਬਦਲ ਨਹੀਂ ਜਾਂਦੀ। ਬਹੁਤ ਹੱਦ ਤਕ ਪਹਿਲਾਂ ਵਾਲੀ ਹੀ ਰਹਿੰਦੀ ਹੈ। ਕੰਮ ਦੀ ਕਿਸਮ ਕੀ ਹੈ ? ਕੰਮ ਦੀ ਪਰੇਰਨਾ। ਇਨਕਲਾਬ ਦੇ ਆਇਆਂ ਵੀ ਕੰਮ ਦੀ ਪਰੇਰਨਾ ਪੈਸਾ ਹੀ ਰਹਿੰਦੀ ਹੈ। ਜਿੰਨਾਂ ਚਿਰ ਕੰਮ ਦੀ ਪਰੇਰਨਾ ਪਦਾਰਥਕ ਹੈ, ਉਨਾ ਚਿਰ ਕੰਮ ਦੇ ਦਾਇਰੇ ਵਿਚ ਵਰਕਰ ਜਮਾਤ ਬੁਰਜੁਆ ਪੈਂਤੜੇ 'ਤੇ ਹੈ। ਭਾਵੇਂ ਵਰਕਰ ਜਮਾਤ ਆਪਣੀਆਂ ਸੰਗੀ ਜਮਾਤਾਂ ਨਾਲ ਰਲ ਕੇ ਇਨਕਲਾਬ ਲਿਆ ਚੁਕੀ ਹੈ ਤੇ ਪਾਰਟੀ ਦੇ ਰਾਹੀਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕਰ ਚੁਕੀ ਹੈ, ਪਰ ਕੰਮ ਦੇ ਦਾਇਰੇ ਵਿਚ ਉਹ ਹਾਲੇ ਸੁਆਰਥ-ਰੋਗ ਦਾ ਸ਼ਿਕਾਰ ਹੈ। ਸਭ ਵਰਕਰ ਆਪਣੇ ਆਪਣੇ ਵਾਸਤੇ ਕੰਮ ਕਰਦੇ ਹਨ। ਮਤਲਬ ਹੈ ਕਿ ਕੰਮ ਨਾਲ ਵਰਕਰ ਜਮਾਤ ਦਾ ਰਿਸ਼ਤਾ ਬੁਰਜੁਆ ਹੈ, ਇਕਾਨੋਮਿਜ਼ਮ ਦਾ ਹੈ। ਬੰਦਾ, ਉਸ ਦੀ ਬਣਤਰ, ਉਸ ਦੀ ਕਿਸਮ ਹੈ ਕੀ? ਉਸ ਦਾ ਕੰਮ, ਉਸ ਦੇ ਕੰਮ ਦੀ ਕਿਸਮ। ਜਦੋਂ ਵਰਕਰ ਪਦਾਰਥਕ ਪਰੇਰਨਾ ਦੇ ਅਧੀਨ ਕੰਮ ਕਰਦੇ ਹਨ ਤਾਂ ਉਹਨਾਂ ਦੀ ਖ਼ੁਦਗਰਜ਼ੀ ਵਾਲੀ, ਸਵੈ-ਸੁਆਰਥ ਵਾਲੀ ਬਣਤਰ ਹੋਰ ਮਜ਼ਬੂਤ ਹੁੰਦੀ ਹੈ। ਪਰੋਲਤਾਰੀ ਦੇ ਪੈਂਤੜੇ ਤੋਂ ਹੋਰ ਦੂਰ ਹੁੰਦੀ ਹੈ। ਪਦਾਰਥਕ ਪਰੇਰਨਾ ਦੇ ਅਧੀਨ ਕੰਮ ਦੇ ਹੋਣ ਦਾ ਅਸਲਾ ਕੀ ਹੈ ? ਉਸ ਦਾ ਅਸਲਾ ਹੈ—ਕੰਮ ਦਾ ਸਰਮਾਏ ਦੇ ਅਧੀਨ ਹੋਣਾ। ਵਰਕਰ ਦਾ ਸਰਮਾਏ ਦੇ ਅਧੀਨ ਹੋਣਾ, ਉਸ ਦਾ ਸਰਮਾਏ ਦਾ ਗੁਲਾਮ ਹੋਣਾ। ਇਸ ਵਾਸਤੇ ਹੀ ਮਾਰਕਸ ਨੇ ਕਿਹਾ ਸੀ ਕਿ ਕੰਮ ਦਾ ਇਵਜ਼ਾਨੇ ਵਾਸਤੇ ਹੋਣਾ, ਕੰਮ ਦਾ ਗੁਲੱਮ ਹੋਣਾ ਹੈ, ਕੰਮ ਕਰਨ ਵਾਲੇ ਦਾ ਗੁਲਾਮ ਹੋਣਾ ਹੈ (**Wage labour is slave labour**)।

**ਪਰੋਲਤਾਰੀ ਦੇ ਪੈਂਤੜੇ** ਦਾ ਇਸ ਨੁਕਤੇ ਬਾਬਤ ਨਿਸ਼ਾਨਾ ਕੀ ਹੈ ? ਉਸ ਦੀ ਮਜ਼ਬੂਤੀ ਕਿਸ ਵਿਚ ਹੈ ? ਪਰੋਲਤਾਰੀ ਦੇ ਪੈਂਤੜੇ ਦਾ ਨਿਸ਼ਾਨਾ ਹੈ—ਇਵਜ਼ਾਨੇ ਦੇ ਸਿਸਟਮ ਦਾ ਅੰਤ ਖ਼ਾਤਮਾ। ਉਸ ਦੀ ਮਜ਼ਬੂਤੀ ਹੈ—ਹਾਲਾਤ ਦੇ ਪ੍ਰਸੰਗ ਵਿਚ ਕੰਮ ਵਾਸਤੇ ਪਦਾਰਥਕ ਪਰੇਰਨਾ ਦਾ ਗਲ ਘੁਟੀਦਾ ਜਾਵੇ। ਕੰਮ ਦੀ ਪਰੇਰਨਾ ਨੂੰ ਬਦਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਹ ਬੰਦੇ ਦੀ ਕਿਸਮ ਨੂੰ ਬਦਲਣਾ ਹੈ। ਉਸ ਨੂੰ ਬੁਰਜੁਆ ਤੋਂ ਸਮਾਜਵਾਦੀ, ਮਾਰਕਸਵਾਦੀ ਬਣਤਰ ਦਾ ਬਣਾਉਣਾ ਹੈ। ਸਵਾਲ ਹੈ ਉਸ ਦੇ ਮਨ ਦੇ ਮਨੋਰਥਾਂ ਨੂੰ ਬਦਲਣ ਦਾ, ਅਮਲ ਦੀ ਪੱਧਰ 'ਤੇ ਉਸ ਦੇ ਜ਼ਿੰਦਗੀ ਦੇ ਨਜ਼ਰੀਏ ਨੂੰ ਤਬਦੀਲ ਕਰਨ ਦਾ।

ਜਿਸ ਤਰ੍ਹਾਂ ਇਨਕਲਾਬ ਦੇ ਮਗਰੋਂ ਆਪਸ ਵਿਚ ਵਿਰੋਧੀ ਜਮਾਤੀ ਪੈਂਤੜੇ ਹੀ ਦੋ ਹਨ, ਏਸੇ ਤਰ੍ਹਾਂ ਹੀ ਉਹਨਾਂ ਦੇ ਅਨੁਸਾਰੀ ਆਪਸ ਵਿਚ ਵਿਰੋਧੀ ਕੰਮ ਦੀਆਂ ਪਰੇਰਨਾਵਾਂ ਵੀ ਸਿਰਫ਼ ਦੋ ਹੀ



ਹਨ : ਪਦਾਰਥਕ ਪਰੇਰਨਾ ਤੇ ਵਿਚਾਰਧਾਰਕ, ਸਰਬਤ ਦੀ ਸੇਵਾ ਦਾ ਭਾਵ, ਆਜ਼ਾਦੀ ਦੀ ਸੇਵਾ, ਉਸ ਦੇ ਨਮਿਤ ਕੰਮ ਕਰਨ ਦੀ ਪਰੇਰਨਾ। ਜੇ ਵਰਕਰ ਜਮਾਤ ਦੇ ਮਨਾਂ ਵਿਚ ਕੰਮ ਦੀ ਪਰੇਰਨਾ ਪਦਾਰਥਕ ਹੀ ਰਹੇ, ਆਪੋ ਆਪਣੇ ਵਾਸਤੇ ਪੈਸਾ ਕਮਾਉਣਾ ਹੀ ਰਹੇ ਤਾਂ ਪਰੋਲਤਾਰੀ ਦਾ ਪੈਂਤੜਾ ਅੱਜ ਵੀ ਉਖੜਿਆ ਤੇ ਭਲਕੇ ਵੀ। ਵਿਚਾਰਧਾਰਕ ਪਰੇਰਨਾ ਦਾ ਅਰਥ ਹੈ ਕਿ ਕੰਮ ਹੋਵੇ ਜਮਾਤੀ ਚੇਤਨਤਾ ਦੇ, ਮਾਰਕਸਵਾਦੀ ਚੇਤਨਤਾ ਦੇ ਅਧੀਨ, ਪਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਮਜ਼ਬੂਤ ਕਰਨ ਵਾਸਤੇ, ਆਏ ਇਨਕਲਾਬ ਨੂੰ ਪਰੋਲਤਾਰੀ ਦੇ ਪੈਂਤੜੇ 'ਤੇ ਰਖਣ ਵਾਸਤੇ। ਉਸ ਨੂੰ ਪੂਰੇ ਹੋਣ ਦੇ ਰਾਹੇ ਪਾਈ ਜਾਣ ਵਾਸਤੇ, ਸਰਬਤ ਦੀ ਆਜ਼ਾਦੀ ਦੀ ਪਰਾਪਤੀ ਵਾਸਤੇ। ਕੰਮ ਦੀ ਪਰੇਰਨਾ ਦੇ ਵਿਚਾਰਧਾਰਕ ਹੋਣ ਦਾ ਅਰਥ ਮੇਹਨਤਕਸ਼ ਤਬਕੇ ਦੀਆਂ, ਵਸੋਂ ਦੀਆਂ ਪਦਾਰਥਕ ਲੋੜਾਂ, ਮਨੁਖੀ ਲੋੜਾਂ ਵਲੋਂ ਅਣਗਹਿਲੀ ਨਹੀਂ। ਗੱਲ ਐਨ ਇਸ ਦੇ ਉਲਟ ਹੈ। ਜਿੰਨਾਂ ਚਿਰ ਕੰਮ ਦੀ ਪਰੇਰਨਾ ਪੈਸਾ ਹੈ, ਮਤਲਬ ਹੈ ਪੈਦਾਵਾਰ ਵੇਜ-ਲੇਬਰ ਨਾਲ ਹੁੰਦੀ ਹੈ, ਪੈਦਾਵਾਰ ਮੁਨਾਫ਼ੇ ਵਾਸਤੇ ਹੁੰਦੀ ਹੈ। ਕਦਰ ਦੇ ਕਾਨੂੰਨ ਦਾ ਪ੍ਰਵੇਸ਼ ਹੈ। ਉਸ ਦਾ ਨਤੀਜਾ ਹੈ—ਹੋਈ ਪੈਦਾਵਾਰ ਦੀ ਕਾਣੀ ਵੰਡ ਤੇ ਮੇਹਨਤਕਸ਼ ਤਬਕੇ ਦਾ ਹੜਬੂਸੇ ਲੈਣਾ। **ਮੇਹਨਤਕਸ਼ ਤਬਕੇ ਨੂੰ ਰੱਜ ਕੇ ਖਾਣ ਨੂੰ ਮਿਲ ਹੀ ਤਾਂ ਸਕਦਾ ਹੈ, ਉਸ ਨਾਲ ਪਦਾਰਥਕ ਪੱਧਰ 'ਤੇ ਵੀ ਇਨਸਾਫ ਤਾਂ ਹੀ ਹੋ ਸਕਦਾ ਹੈ ਜੇ ਵੇਜ ਲੇਬਰ ਦਾ ਸਿਲਸਿਲਾ ਖ਼ਤਮ ਹੋਵੇ, ਖ਼ਤਮ ਹੋਣ ਦੇ ਰਾਹੇ ਪਵੇ।** ਹੱਥਲੇ ਨੁਕਤੇ ਤੋਂ ਸਮਝਣ ਵਾਲੀ ਗੱਲ ਇਹ ਹੈ ਕਿ ਹੋਰ ਜਮਾਤਾਂ ਦੀ ਤਾਂ ਗੱਲ ਹੀ ਛੱਡੋ

> **ਪਾਰਟੀ ਦਾ ਕਾਡਰ ਤੇ ਸਿਖਰਲੀ ਲੀਡਰਸ਼ਿਪ ਕੀ ਮਾਰਕਸੀ ਲੀਡਰ-ਸ਼ਿਪ—ਲੋਕਾਂ ਦੀ ਸੇਵਕ ਤੇ ਲੋਕਾਂ ਦੀ ਰਾਹਨੁਮਾ—ਰਹਿੰਦੀ ਹੈ ਜਾਂ ਅਫ਼ਸਰਸ਼ਾਹੀ ਬਣ ਜਾਂਦੀ ਹੈ ਤੇ ਮੁਲਖੱਈਏ 'ਤੇ ਕਾਠੀ ਪਾ ਬਹਿ ਜਾਂਦੀ ਹੈ ? ਤੇ ਆਪ ਬੁਰਜੁਆ ਤਰਜ਼ੇ-ਜ਼ਿੰਦਗੀ ਦੀ ਝੋਲੀ ਪੈ ਜਾਂਦੀ ਹੈ ?**

ਜਿੰਨਾਂ ਚਿਰ ਵਰਕਰ ਜਮਾਤ ਦੀ ਕੰਮ ਦੀ ਪਰੇਰਨਾ ਪੈਸਾ ਹੈ ਕੰਮ ਦੇ ਦਾਇਰੇ ਵਿਚ ਉਹ ਆਪ ਬੁਰਜੁਆ ਪੈਂਤੜੇ 'ਤੇ ਹੈ। ਅਤੇ ਉਸ ਦਾ ਇਹ ਅਮਲ ਸਮਾਜ ਵਿਚ ਗੈਰ-ਜ਼ਰੂਰੀ ਜਾਂ ਹਾਸ਼ਿਆਈ ਨਹੀਂ। ਅੰਤਲੀ ਵਿਆਖਿਆ ਅਨੁਸਾਰ ਜੇ ਜਮਾਤੀ ਜਦੋ-ਜਹਿਦ ਉਸ ਨੂੰ ਕੱਟੇ ਨਾ, ਤਾਂ ਸਮਾਜ ਉਧਰ ਹੀ, ਉਸੇ ਜਮਾਤੀ ਪੈਂਤੜੇ ਵਲ ਹੀ ਜਾਂਦਾ ਹੈ ਜਿੱਧਰ ਉਸ ਨੂੰ ਉਸ ਦੀ ਪੈਦਾਵਾਰ ਦਾ ਵੇਗ ਲਿਜਾਂਦਾ ਹੈ।

**ਕੰਮ ਦੀ ਪਰੇਰਨਾ** ਪੈਦਾਵਾਰ ਦੇ ਵੇਗ ਦੀ ਚੂਲ ਹੈ। ਇਸ ਨੂੰ ਨਾ ਪਰੋਲਤਾਰੀ ਦਾ ਪੈਂਤੜਾ ਨਜ਼ਰ-ਅੰਦਾਜ਼ ਕਰ ਸਕਦਾ ਹੈ ਅਤੇ ਨਾ ਹੀ ਬੁਰਜੁਆ ਪੈਂਤੜਾ। ਇਹ ਪੈਦਾਵਾਰ ਦੇ ਵੇਗ ਦੀ ਇਕ ਉਹ ਜੜ੍ਹ ਹੈ ਜਿਸ 'ਤੇ ਉਸ ਦੀ ਜਿੰਦ-ਜਾਨ, ਉਸ ਦੀ ਜਮਾਤੀ ਤਾਸੀਰ ਨਿਰਭਰ ਕਰਦੀ ਹੈ। ਇਸ ਵਾਸਤੇ ਕੰਮ ਦੀ ਪਰੇਰਨਾ ਬਾਬਤ ਦੋਵੇਂ ਜਮਾਤੀ ਪੈਂਤੜੇ ਆਪਸ ਵਿਚ ਲੜ ਮਰਦੇ ਹਨ। ਜੇ ਕੰਮ ਦੀ ਪਰੇਰਨਾ ਪੈਸਾ ਹੀ ਰਹੇ, ਪਦਾਰਥਕ ਹੀ ਰਹੇ, ਅਤੇ ਪਾਰਟੀ ਦੀ ਅਗਵਾਈ ਹੇਠ ਜਮਾਤੀ ਜਦੋ-ਜਹਿਦ ਨਾਲ ਵਰਕਰ ਜਮਾਤ ਇਸ ਦੀਆਂ ਜੜ੍ਹਾਂ ਉਖੇੜਨ ਦੇ ਰਾਹੇ ਨਾ ਪਵੇ ਤਾਂ ਸਮਾਜਵਾਦ ਇਕ ਝੂਠਾ ਸੁਪਨਾ ਹੀ ਰਹਿੰਦਾ ਹੈ। ਇਸ ਵਾਸਤੇ ਹੀ ਕਲ-

**ਜਿੰਨਾ ਚਿਰ ਕੰਮ ਦੀ ਪਰੇਰਨਾ ਪਦਾਰਥਕ ਹੈ, ਪੈਸਾ ਹੈ, ਉਨਾ ਚਿਰ ਕੰਮ ਦੇ ਦਾਇਰੇ ਵਿਚ ਵਰਕਰ ਜਮਾਤ ਬੁਰਜੁਆ ਪੈਂਤੜੇ 'ਤੇ ਹੈ।**

ਚਰਲ ਇਨਕਲਾਬ ਨਾਲ ਪਰੋਲਤਾਰੀ ਦਾ ਪੈਂਤੜਾ ਕੰਮ ਦੀ ਪਰੇਰਨਾ ਨੂੰ ਵਿਚਾਰਧਾਰਕ ਬਣਾਉਣ ਵਾਸਤੇ ਸਿਰਧੜ ਦੀ ਲਾਉਂਦਾ ਹੈ। ਦੂਸਰੇ ਪਾਸੇ ਤੋਂ ਬੁਰਜੁਆ ਪੈਂਤੜਾ ਕੰਮ ਦੀ ਪਰੇਰਨਾ ਨੂੰ ਤਬਦੀਲ ਕਰਨ ਦਾ ਭੋਗ ਨਹੀਂ ਪਾਉਂਦਾ, ਉਸ ਦਾ ਸੁਪਨਾ ਵੀ ਨਹੀਂ ਲੈਣ ਦੇਂਦਾ। ਉਹ ਜਾਣਦਾ ਹੈ ਕਿ ਲਗਾਤਾਰ ਜਮਾਤੀ ਜਦੋ-ਜਹਿਦ ਤੋਂ ਬਗੈਰ, ਕਲਚਰਲ ਇਨਕਲਾਬ ਤੋਂ ਬਗੈਰ ਇਸ ਵਿਚ ਤਬਦੀਲੀ ਮੁਮਕਿਨ ਨਹੀਂ ਹੈ। ਸੋ ਬੁਰਜੁਆ ਪੈਂਤੜੇ ਵਾਲੇ, ਪਾਰਟੀ ਤੇ ਉਸ ਦੀ ਲੀਡਰਸ਼ਿਪ ਵਿਚ ਉਸ ਦੇ ਹਾਮੀਂ, ਪੈਰਾਂ 'ਤੇ ਪਾਣੀ ਨਹੀਂ ਪੈਣ ਦੇਂਦੇ। ਉਹ ਨੰਨਾ ਨਹੀਂ ਧਰਦੇ ਕਿ ਇਨਕਲਾਬ ਦੇ ਆਉਣ ਤੇ ਪੈਦਾਵਾਰ ਦੇ ਵਸੀਲਿਆਂ ਦੇ ਸਟੇਟ ਦੀ ਮਲਕੀਅਤ ਬਣਨ ਦੇ ਬਾਵਜੂਦ ਸਮਾਜ ਵਿਚ ਆਪਸ ਵਿਚ ਵਿਰੋਧੀ ਜਮਾਤਾਂ ਹਨ। ਬੁਰਜੁਆ ਪੈਂਤੜਾ ਬਰਕਰਾਰ ਹੈ ਅਤੇ ਪੁਰਾਣੀ ਬੁਰਜੁਆਜ਼ੀ ਨੂੰ ਤਾਂ ਛੱਡੋ, ਬੁਰਜੁਆ ਪੈਂਤੜਾ ਨਵੀਂ ਬੁਰਜੁਆਜ਼ੀ ਨੂੰ ਬਾਕਾਇਦਾ ਪੈਦਾ ਕਰੀ ਜਾਂਦਾ ਹੈ। ਉਹ ਜਮਾਤਾਂ ਦੀ ਹੋਂਦ ਤੋਂ ਹੀ ਮੁਨਕਰ ਹੁੰਦੇ ਹਨ; ਤੇ ਉਹ ਜਮਾਤੀ ਜਦੋ-ਜਹਿਦ ਦੀ ਲੋੜ ਨੂੰ ਕਦੋਂ ਪ੍ਰਵਾਨ ਕਰਦੇ ਹਨ। ਉਹ ਤਾਂ ਵਾਹਦਾ ਹੀ ਇਹ ਕਰਦੇ ਹਨ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਹੋ ਗਈ, ਪੈਦਾਵਾਰ ਦੇ ਵਸੀਲੇ ਉਸ ਦੀ ਮਲਕੀਅਤ ਹੋ ਗਏ, ਸੁ ਇਨਕਲਾਬ ਸੰਪੂਰਨ ਹੋ ਗਿਆ। ਕਰਨ ਵਾਲਾ ਕੰਮ ਰਹਿ ਗਿਆ ਪੈਦਾਵਾਰ ਨੂੰ ਵਧਾਉਣ ਦਾ, ਮੁਲਕ ਦੀ ਸਨਅਤੀ ਉਸਾਰੀ ਕਰਨ ਦਾ। ਪੈਦਾਵਾਰ ਦੀਆਂ ਸ਼ਕਤੀਆਂ ਨੂੰ ਉਸਾਰਨ ਦਾ।

**ਬੁਰਜੁਆ ਪੈਂਤੜੇ** 'ਤੇ ਚਲੀ ਗਈ ਲੀਡਰਸ਼ਿਪ ਆਪਣੇ ਪੈਂਤੜੇ ਦੇ ਨੁਕਤੇ ਤੋਂ ਸਿੱਧਾ ਸੋਚਦੀ ਹੈ, ਤੇ ਨੱਕ ਦੀ ਸੇਧੇ ਜਾਂਦੀ ਹੈ। ਪੈਦਾਵਾਰ ਮੁਨਾਫ਼ੇ ਵਾਸਤੇ ਕਰਾਉਂਦੀ ਹੈ। ਕਦਰ ਦੇ ਕਾਨੂੰਨ ਦੇ ਪ੍ਰਵੇਸ਼ ਨੂੰ ਬਰਕਰਾਰ ਰਖਦੀ ਹੈ। ਕੰਮ ਨੂੰ ਠੇਕੇ 'ਤੇ ਕਰਵਾਉਣ ਨੂੰ ਤਰਜੀਹ ਦੇਂਦੀ ਹੈ। ਵੇਜ ਲੇਬਰ ਨੂੰ ਕਾਬਜ਼ ਰਖਣ ਵਾਸਤੇ ਉਹ ਸਿਰਧੜ ਦੀ ਲਾਉਂਦੀ ਹੈ। ਜਾਣਦੀ ਹੈ ਕਿ ਜੇ ਇਹ ਉਖੜ ਗਿਆ ਤਾਂ ਬੁਰਜੁਆ ਪੈਂਤੜਾ ਘਰਾਂ ਤੋਂ ਚਲ ਜਾਏਗਾ। ਜ਼ਿਆਦਾ ਪੈਦਾਵਾਰ ਕਰਵਾਉਣ ਵਾਸਤੇ ਵਰਕਰ ਜਮਾਤ ਨੂੰ ਬੋਨਸ ਆਦਿ ਵੀ ਚਾਟੇ ਲਾਈ ਤੁਰੀ ਜਾਂਦੀ ਹੈ। ਵਰਕਰ ਜਮਾਤ ਨੂੰ ਪੈਸੇ ਦੀ ਚਾਟੇ ਲਾਈ ਰਖਣ ਦਾ ਅਰਥ ਕੀ ਹੈ ? ਅਰਥ ਹੈ ਉਸ ਦੀ ਕੰਮ ਦੀ ਪਰੇਰਨਾ ਨੂੰ ਬੁਰਜੁਆ ਪੈਂਤੜੇ ਦੀ ਬਣਾਈ ਰਖਣਾ । ਤੇ ਉਸ ਉਤੇ ਉਸ ਨੂੰ ਪੱਕਿਆਂ ਕਰੀ ਜਾਣਾ। ਇਹ ਛੋਟੀ ਜਿਹੀ ਗੱਲ ਨਹੀਂ। ਪੈਦਾਵਾਰ, ਕੰਮ ਦਾ ਵੇਗ ਬਹੁਤ ਵੱਡੀ ਤਾਕਤ ਹੈ। ਜਿਸ ਜਮਾਤੀ ਪੈਂਤੜੇ ਦਾ ਪੈਦਾਵਾਰ ਦੇ ਕੰਮ ਦਾ ਵੇਗ ਹੋਵੇ ਉਸੇ ਜਮਾਤੀ ਪੈਂਤੜੇ ਦੇ ਉਹ ਕੰਮ ਕਰਨ ਵਾਲਿਆਂ ਨੂੰ ਸਿਰਜੀ ਜਾਂਦਾ ਹੈ।

**ਪੈਸੇ ਦੇ ਕੰਮ ਦੀ ਪਰੇਰਨਾ** ਹੋਣ ਦਾ ਮਨੁਖੀ ਬਣਤਰ ਦੀ ਬੋਲੀ ਵਿਚ ਮਤਲਬ ਕੀ ਹੈ ? ਮਤਲਬ ਹੈ—ਪੈਸੇ ਦਾ ਪਿਆਰ। ਬੋਨਸ ਆਦ ਦੀ ਚਾਟ ਦਾ ਕੀ ਅਰਥ ਹੈ ? ਪੈਸੇ ਦੇ ਲਾਲਚ ਨੂੰ ਹੋਰ ਪੱਕਿਆਂ ਕਰਨਾ। ਠੇਕੇ 'ਤੇ ਕੰਮ ਦਾ ਮੂਲ ਕੀ ਹੈ ? ਪੈਸੇ ਦੇ ਅਰਪਣ ਹੋ ਕੇ ਲਹੂ ਪਾਣੀ ਇਕ ਕਰਨਾ। ਪੈਸੇ ਵਾਸਤੇ ਮਾਰੋ ਮਾਰ, ਆਪੋ ਧਾਪੀ, ਕਠੋਰ ਖੁਦਗਰਜ਼ੀ। ਸਰੀਰ ਤੇ ਸੇਹਤ ਵੇਚ ਕੇ



ਪੈਸਾ। ਨਾੜਾਂ ਦਾ ਲਹੂ ਦੇ ਕੇ ਪੈਸਾ। ਉਮਰ ਘਟਾ ਕੇ ਉਸ ਤੋਂ ਸਾਵੀਂ ਪੈਸਾ ਲੈਣ ਦੀ ਹਵਸ। ਪੈਦਾਵਾਰ ਦੇ ਬੁਰਜੁਆ ਰੂਪ ਨੇ ਵੇਜ ਲੇਬਰ ਦੀ ਤੋਰ ਐਵੇਂ ਨਹੀਂ ਤੋਰੀ ਹੋਈ। ਉਹ ਉਸ ਦੀ ਲਹੋ-ਜੜੀ ਨੀਂਹ ਹੈ। ਕੰਮ ਦੀ ਜਮਾਤੀ ਕਿਸਮ ਬੰਦੇ ਨੂੰ ਆਪਣੇ ਸੱਚੇ ਵਿਚ ਢਾਲ ਲੈਂਦੀ ਹੈ। (ਸਾਡਾ ਮਤਲਬ ਇਹ ਨਹੀਂ ਕਿ ਨਿਜ਼ਾਮ ਸਰਮਾਏਦਾਰੀ ਹੋਵੇ, ਸਟੇਟ 'ਤੇ, ਪੈਦਾਵਾਰ ਦੇ ਕੇਂਦਰਾਂ 'ਤੇ ਕਾਬਜ਼ ਬੁਰਜੁਆਜ਼ੀ ਹੋਵੇ, ਫਾਰਮੇਸ਼ਨ ਬੁਰਜੁਆ ਹੋਵੇ ਤੇ ਵਰਕਰ ਇਵਜ਼ਾਨੇ ਦੀ ਰਾਖੀ, ਉਸ ਦੇ ਵਾਧੇ ਵਾਸਤੇ, ਆਪਣੇ ਰੋਟੀ ਪਾਣੀ, ਆਪਣੀ ਰਿਹਾਇਸ਼, ਆਪਣੇ ਦਵਾ-ਦਾਰੂ, ਆਪਣੇ ਬੱਚਿਆਂ ਦੀ ਵਿਦਿਆ ਆਦਿ ਵਾਸਤੇ, ਆਪਣੇ ਬੁੜਪੇ ਦੀ ਦੇਖਭਾਲ ਵਾਸਤੇ ਟਰੇਡ ਯੂਨੀਅਨਾਂ ਰਾਹੀਂ ਜਦੋ-ਜਹਿਦ ਨਾ ਕਰਨ । ਜ਼ਰੂਰ ਕਰਨ। ਤਣਿਆਂ ਤਕ ਜ਼ੋਰ ਲਾ ਕੇ ਕਰਨ। ਬੁਰਜੁਆਜ਼ੀ ਯਾਰ ਨਹੀਂ ਲਗਦੀ ਕਿ ਵਰਕਰ ਆਪ ਭੁਖੇ ਨੰਗੇ ਰਹਿਕੇ ਉਸ ਦੀ ਸੇਵਾ ਕਰੀ ਜਾਣ। ਉਸ ਦੀਆਂ ਬੈਂਕਾਂ ਭਰੀ ਜਾਣ। ਸਵਾਲ ਹੈ ਕੰਮ ਦੀ ਪਰੇਰਨਾ ਦਾ, ਇਨ-ਕਲਾਬ ਆਏ ਤੋਂ ਮਗਰੋਂ ਜਦੋਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਹੈ ਤੇ ਮਸਲਾ ਪੇਸ਼ ਹੈ ਸਮਾਜਵਾਦ ਦੀ ਉਸਾਰੀ ਦਾ। ਬੁਰਜੁਆ ਪੈਂਤੜੇ ਨੂੰ ਖ਼ਤਮ ਕਰਨ ਦਾ। ਨਵੀਂ ਬੁਰਜੁਆਜ਼ੀ ਦੀ ਜੰਮਣ-ਭੋਂ ਨੂੰ ਜੜ੍ਹਾਂ ਤੋਂ ਉਡਾਉਣ ਦਾ। ਉਸ ਦਾ ਬੀਜ ਨਾਸ ਕਰਨ ਦਾ)।

**ਬੁਰਜੁਆ ਪੈਂਤੜੇ ਵਾਲੀ ਪਾਰਟੀ ਦੀ ਲੀਡਰਸ਼ਿਪ ਜ਼ਿਆਦਾ ਪੈਦਾਵਾਰ ਕਰਵਾਉਣ ਵਾਸਤੇ ਵਰਕਰ ਜਮਾਤ ਨੂੰ ਬੋਨਸ ਆਦਿ ਦੀ ਚਾਟੇ ਲਾਉਂਦੀ ਹੈ। ਕਿਉਂ ?**

ਜਿਸ ਬੰਦੇ ਦਾ ਮਨੁਖੀ ਮੂਲ ਹੀ ਆਪਣੇ ਵਾਸਤੇ ਪੈਸਾ ਕਮਾਉਣਾ ਹੈ, ਜਿਸ ਦੀ ਰੂਹ ਦਾ, ਜਿਸ ਦੀ ਆਤਮਾ ਦਾ ਅਸਲਾ ਹੀ ਆਪਣੇ ਵਾਸਤੇ ਪੈਸਾ ਬਣਾਉਣਾ ਹੈ ਉਸ ਦੀ ਬਣਤਰ ਸੋਲਾਂ ਆਨੇ ਬੁਰਜੁਆ ਹੈ। ਪਰੋਲਤਾਰੀ ਦੇ ਪੈਂਤੜੇ ਵਾਸਤੇ ਉਹ ਨਿਫ਼ਿੱਟ ਹੈ। ਕੌਡੀਉਂ ਖੋਟਾ ਹੈ। ਜੇ ਇਨਕਲਾਬ ਆਏ ਤੋਂ ਮਗਰੋਂ ਵੀ, ਵਰਕਰ ਜਮਾਤ ਨੇ ਵੀ ਪੈਸੇ ਦੇ ਪੇਟੇ ਹੀ ਪਈ ਰਹਿਣਾ ਹੈ, ਇਵਜ਼ਾਨੇ ਦੇ ਚੱਕਰ ਵਿਚ ਹੀ ਗਲਤਾਨ ਰਹਿਣਾ ਹੈ, ਤਾਂ ਪਰੋਲਤਾਰੀ ਦੇ ਪੈਂਤੜੇ ਦਾ ਮੁਦੱਈ ਕੌਣ ਹੋਇਆ ?

**ਕੰਮ ਦੀ ਪਰੇਰਨਾ** ਦੇ ਪਦਾਰਥਕ ਹੋਣ ਦੇ, ਪੈਸੇ ਦੇ ਕੰਮ ਦੀ ਪਰੇਰਨਾ ਹੋਣ ਦੇ ਖਿਲਾਫ਼ ਜਹਾਦ ਦਾ ਸਾਡਾ ਇਹ ਅਰਥ ਨਹੀਂ ਕਿ ਮੁਲੱਖਈਏ ਦੀਆਂ ਪਦਾਰਥਕ ਲੋੜਾਂ ਪੂਰੀਆਂ ਕਰਨੀਆਂ ਜ਼ਰੂਰੀ ਨਹੀਂ। ਇਹਨਾਂ ਲੋੜਾਂ ਨੂੰ ਪੂਰਿਆਂ ਕਰਨਾ ਬਹੁਤ ਜ਼ਰੂਰੀ ਹੈ। ਸਮਾਜਵਾਦ ਦੀ ਉਸਾਰੀ ਦਾ ਮੂਲ ਹੀ ਬੰਦੇ ਦੀ, ਸਰਬਤ ਦੀ ਆਜ਼ਾਦੀ ਹੈ। ਢਿਡੋਂ ਭੁਖੇ, ਉਤੋਂ ਤੇੜੋਂ ਨੰਗੇ ਨਾਲ ਆਜ਼ਾਦੀ ਦੀ ਗੱਲ ਕਰਨਾ ਉਸ ਨਾਲ ਨਿਰਦੱਈ ਮਖੌਲ ਹੈ। ਜਿਸ ਨੂੰ ਡੰਗ ਦੀ ਰੋਟੀ ਦਾ ਵੀ ਸਹਿੰਸਾ ਹੈ ਤੇ ਜਿਸ ਦੇ ਜੀਉਣ ਦਾ ਭਰੋਸੇਯੋਗ ਕੋਈ ਵਸੀਲਾ ਹੀ ਨਹੀਂ ਉਸ ਨਾਲੋਂ ਵੱਡਾ ਗੁਲਾਮ ਕੌਣ ਹੋ ਸਕਦਾ ਹੈ ? ਜਿਸ ਦੀ ਮੂੰਹ ਦੀ ਬੁਰਕੀ ਵੀ ਕਿਸੇ ਹੋਰ ਦੇ ਵੱਸ ਹੈ ਉਸ ਦੀ ਬੰਦੇ ਦੀ ਜੂਨ ਕਾਹਦੀ ? ਲੋਕਾਂ ਦੀਆਂ ਪਦਾਰਥਕ ਲੋੜਾਂ ਦੀ ਪੂਰਤੀ, ਉਹਨਾਂ ਦੀ ਖੁਸ਼ਹਾਲੀ ਪਰੋਲਤਾਰੀ ਦੇ ਪੈਂਤੜੇ ਦਾ ਪਹਿਲਾ ਨਿਸ਼ਾਨਾ ਹੈ। ਬੁਰਜੁਆਜ਼ੀ ਕੋਲੋਂ ਸਟੇਟ ਤੇ ਪੈਦਾਵਾਰ ਦੇ ਵਸੀਲਿਆਂ ਨੂੰ ਖੋਹਣ ਦਾ ਮਨੋਰਥ ਹੀ ਇਹ ਹੈ। ਸਵਾਲ ਹੈ ਇਹਨਾਂ ਲੋੜਾਂ ਦੀ ਪੂਰਤੀ ਦੋਹਾਂ ਵਿਰੋਧੀ ਪੈਂਤੜਿਆਂ ਵਿਚੋਂ ਕਿਸ ਪੈਂਤੜੇ ਦੇ

ਤਰੀਕੇ ਰਾਹੀਂ ਹੋਣੀ ਹੈ ? ਬੁਰਜੁਆ ਪੈਂਤੜੇ ਦਾ ਤਰੀਕਾ ਹੈ—ਖੁਦਗਰਜ਼ੀ, ਆਪੋਧਾਪੀ, ਖੋਹਾ-ਮਾਹੀ, ਹਨੇਰਗਰਦੀ । ਨਤੀਜਾ ਕੀ ਹੈ ? ਮੇਹਨਤਕਸ਼ ਤਬਕੇ ਦੀ ਮੰਦਹਾਲੀ, ਬਹੁਤਿਆਂ ਦੀ ਬੇਰੁਜ਼ਗਾਰੀ ਤੇ ਲੋਕਾਂ ਨੂੰ ਹਰ ਵੇਲੇ ਦਾ ਸਹਿੰਸਾ । ਸਮਾਜਵਾਦ ਦਾ ਤਰੀਕਾ ਹੈ ਹਾਲਾਤ ਦੇ ਪ੍ਰਸੰਗ ਵਿਚ ਲਗਦੀ ਵਾਹ **ਸਾਂਝ** । ਇਵਜ਼ਾਨੇ ਦੇ ਸਿਸਟਮ ਦੇ ਗਲ 'ਚ ਦਿੱਤੀ ਦਾ ਜਾ ਰਿਹਾ ਅੰਗੂਠਾ ਤੇ ਮੁਲੱਖਈਏ ਦੀਆਂ ਲੋੜਾਂ ਦੀ ਹਰ ਮੁਮਕਿਨ ਤਰੀਕੇ ਨਾਲ ਪੂਰਤੀ ।

ਅਸਾਂ ਕੰਮ ਦੀ ਪਰੇਰਨਾ ਦੀ ਤਬਦੀਲੀ 'ਤੇ ਲੋੜ ਨਾਲੋਂ ਵਧ ਤਰਜੀਹ ਦਿਤੀ ਹੈ । ਇਸ ਵਾਸਤੇ ਕਿ ਸੰਸਾਰ ਦੀ ਮਾਰਕਸਵਾਦੀ ਲਹਿਰ ਇਸ ਨੁਕਤੇ ਬਾਬਤ ਇਕਾਨੌਮਿਜ਼ਮ ਵਿਚ ਇਸ ਹੱਦ ਤਕ ਗੁੱਸੀ ਹੋਈ ਹੈ ਕਿ ਉਸ ਦੇ ਵਾਸਤੇ ਇਹ ਮਸਲਾ ਹੀ ਨਹੀਂ ਰਿਹਾ ਲਗਦਾ । ਮਾਰਕਸਵਾਦ 'ਤੇ ਇਕਾਨੌਮਿਜ਼ਮ ਇਸ ਹੱਦ ਤਕ ਛਾ ਚੁਕਾ ਹੈ ਕਿ ਬੰਦੇ ਦੀ ਬਣਤਰ ਨੂੰ ਸਮਾਜਵਾਦੀ ਬਣਾਉਣਾ, ਉਸ ਦੀ ਕੰਮ ਦੀ ਪਰੇਰਨਾ ਨੂੰ ਵਿਚਾਰਧਾਰਕ ਬਣਾਉਣਾ ਚਾਨਣੀ ਮੱਸਿਆ ਤਕ ਮੁਲਤਵੀ ਕੀਤਾ ਗਿਆ ਹੈ । (ਚਲਦਾ)

---


### ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1979 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ । ਕਾਪੀ ਫੀ ਫਾਈਲ ਵੀਹ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕ ਖ਼ਰਚ ਸਾਡਾ ਹੋਵੇਗਾ ।

---

### ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ **ਸਮਝਣ** ਲਈ ਇਕ ਅਦੁੱਤੀ ਪੁਸਤਕ । ਸਫ਼ੇ 210; ਮੁੱਲ : 10 ਰੁ:, **ਪੱਕੀ ਜਿਲਦ**

ਜਿਸ ਪੁਸਤਕ ਲਈ ਸਧ ਨੂੰ ਲਿਖੋ ।

---

### ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਿਹ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ ।




ਪ੍ਰੀਤਮ ਸਿੰਘ*

## ਪੰਜਾਬ ਸਰਕਾਰ ਦਾ ਪੰਜਾਬ ਦੀ ਰਾਜ-ਭਾਸ਼ਾ ਪੰਜਾਬੀ ਵਲ ਰਵੱਈਆ

19 ਦਸੰਬਰ, 1967 ਵਾਲੇ ਇਤਿਹਾਸਕ ਦਿਨ, ਪੰਜਾਬ ਦੀ ਵਿਧਾਨ-ਸਭਾ ਨੇ ਸਵਰਗਵਾਸੀ ਸ: ਲਛਮਣ ਸਿੰਘ ਗਿੱਲ, ਮੁਖ ਮੰਤਰੀ, ਪੰਜਾਬ ਦੀ ਅਗਵਾਈ ਹੇਠ, ਸਰਬ ਸੰਮਤੀ ਨਾਲ, ਪੰਜਾਬ ਰਾਜ-ਭਾਸ਼ਾ ਬਿੱਲ, 1967 ਪਾਸ ਕੀਤਾ । ਦਸਾਂ ਦਿਨਾਂ ਪਿਛੋਂ, 29 ਦਸੰਬਰ, 1967 ਨੂੰ ਇਸ ਬਿੱਲ ਉਤੇ ਗਵਰਨਰ ਦੀ ਸਹੀ ਪਈ, ਜਿਸ ਉਪਰੰਤ ਇਹ ਬਿੱਲ ਐਕਟ ਬਣ ਗਿਆ । ਇਸ ਐਕਟ ਦੀ ਧਾਰਾ 4 ਅਨੁਸਾਰ :—

"ਰਾਜ ਸਰਕਾਰ, ਸਮੇਂ ਸਮੇਂ, ਅਧਿਸੂਚਨਾ ਦੁਆਰਾ ਇਹ ਹਦਾਇਤ ਕਰ ਸਕੇਗੀ ਕਿ ਰਾਜ ਦੇ ਅਜਿਹੇ ਰਾਜ-ਕਾਰਜਾਂ ਲਈ ਅਤੇ ਅਜਿਹੀ ਮਿਤੀ ਤੋਂ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ, ਜਿਵੇਂ ਕਿ ਅਧਿਸੂਚਨਾ ਦੁਆਰਾ ਦੱਸਿਆ ਜਾਵੇ ।"

ਐਕਟ ਵਿਚ ਦੱਸੀ ਕਾਨੂੰਨੀ ਲੋੜ ਪੂਰੀ ਕਰਨ ਲਈ ਗਿੱਲ-ਸਰਕਾਰ ਨੇ ਅਧਿਸੂਚਨਾਵਾਂ ਜਾਰੀ ਕਰਨ ਵਿਚ ਬੜੀ ਫੁਰਤੀ ਵਿਖਾਈ । ਐਕਟ ਬਣਨ ਤੋਂ ਅਗਲੇ ਦਿਨ, ਅਰਥਾਤ 30 ਦਸੰਬਰ, 1967 ਨੂੰ, ਪੰਜਾਬ ਸਰਕਾਰ ਦੇ ਸਿੱਖਿਆ ਤੇ ਭਾਸ਼ਾ ਵਿਭਾਗਾਂ ਦੇ ਸਕੱਤਰ ਵਲੋਂ ਅਗੇ ਦਿਤਾ ਏਲਾਨ ਜਾਰੀ ਕੀਤਾ ਗਿਆ :

Department of Languages, Punjab,
Notification

No. 46 29-1 Lg-67-38442 in excercise of the powers conferred by section 4 of the Punjab Official Languages Act, 1967. the Governor of Punjab is pleased to direct that with effect from the Ist of January, 1968, Punjabi shall be used in administration at and below the district level in Punjab.

(Prit Mohinder Singh)
Secretary to Government, Punjab
Education & Languages Deptt.

---

* ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ

ਉਪਰੋਕਤ ਏਲਾਨ ਦੀਆਂ ਮਿਤੀਆਂ ਵਲ ਉਚੇਚੇ ਧਿਆਨ ਦੀ ਲੋੜ ਹੈ : (1) 30 ਦਸੰਬਰ, 1967 ਨੂੰ ਇਹ ਏਲਾਨ ਜਾਰੀ ਹੋਇਆ, (2) ਕੇਵਲ 31 ਦਸੰਬਰ, 1967 ਵਾਲੇ ਇਕ ਦਿਨ ਦਾ ਵਕਫਾ ਦਿੱਤਾ ਗਿਆ, ਤੇ (3) ਪਹਿਲੀ ਜਨਵਰੀ, 1968 ਤੋਂ ਪੰਜਾਬੀ ਨੂੰ ਸਾਰੇ ਪੰਜਾਬ ਦੇ ਜ਼ਿਲਾ-ਪੱਧਰ ਦੇ ਸਾਰੇ ਸਰਕਾਰੀ ਦਫ਼ਤਰਾਂ ਦਾ ਮਾਧਿਅਮ ਬਣਾ ਦਿੱਤਾ ਗਿਆ ।

ਇਹ ਹੱਥ ਉਤੇ ਸਰੋਂ ਜਮਾਉਣ ਵਾਲੀ ਗੱਲ ਸੀ, ਪਰ ਇਸ ਉਤੇ ਗਿੱਲ ਸਾਹਿਬ ਦੀ ਤਸੱਲੀ ਨਾ ਹੋਈ । ਉਹ ਜਾਣਦਾ ਸੀ ਕਿ ਅਸਲ ਸਰਕਾਰ ਜ਼ਿਲਿਆਂ ਵਿਚ ਨਹੀਂ, ਸਕਤਰੇਤ ਵਿਚ ਹੁੰਦੀ ਹੈ ਤੇ ਜੇ ਸਕੱਤਰੇਤ ਉਤੇ ਅੰਗਰੇਜ਼ੀ ਦਾ ਛਤਰ ਕਾਇਮ ਰਿਹਾ ਤਾਂ ਜ਼ਿਲਾ ਪੱਧਰ ਉਤੇ ਹੋਈ ਪੰਜਾਬੀ ਵੀ ਅਣਹੋਈ ਦੇ ਤੁਲ ਹੋਵੇਗੀ । ਇਸ ਲਈ ਪੰਜਾਬ ਸਰਕਾਰ ਦੀ ਨੀਤੀ ਤੇ ਨੀਅਤ ਨੂੰ ਪੂਰੀ ਤਰ੍ਹਾਂ ਸਪਸ਼ਟ ਕਰਨ ਲਈ, 9 ਫਰਵਰੀ 1968 ਨੂੰ ਹੇਠ ਲਿਖਿਆ ਏਲਾਨ ਜਾਰੀ ਕੀਤਾ ਗਿਆ :—

**Department of Languages, Punjab**
**Notification**

**Chandigarh, Dated the 9th February, 1968 No. 861-Lg-68/4661. In excercise of the powers conferred by section 4 of the Punjab Official Languages Act, 1967, the Governor of Punjab is pleased to direct that with effect from the 13th of April. 1968 Punjabi (in Gurmukhi Script) shall be used in administration at the State-level in Punjab.**

**(Prit Mohinder Singh)**
**Secretary to Government, Punjab**
**Education & Languages Department.**

ਜਿਨ੍ਹਾਂ ਮਿਤੀਆਂ ਵੱਲ ਅਸੀਂ ਉਪਰ ਉਚੇਚਾ ਧਿਆਨ ਦਿਵਾਇਆ ਹੈ, ਉਨ੍ਹਾਂ ਨੂੰ ਚਿਤ ਵਿਚ ਰੱਖ ਲਈਏ ਤਾਂ ਇਕ ਹੋਰ ਘਟਨਾ ਵੀ ਉਚੇਚੇ ਧਿਆਨ ਦੀ ਹੱਕਦਾਰ ਬਣ ਜਾਂਦੀ ਹੈ । ਇਸ ਦਾ ਸੰਬੰਧ ਅਫ਼ਸਰਸ਼ਾਹੀ ਵਲੋਂ ਮਾਧਿਅਮ-ਬਦਲੀ ਦੀ ਕਿੰਤੂ-ਰਹਿਤ ਪਰਵਾਨਗੀ ਨਾਲ ਹੈ । ਪਿਛਾਂਹ ਵੱਲ ਝਾਤੀ ਮਾਰਿਆਂ ਪ੍ਰਤੀਤ ਹੁੰਦਾ ਹੈ ਕਿ ਜਿਸ ਤਰ੍ਹਾਂ ਦੀ ਦ੍ਰਿੜਤਾ ਨਾਲ ਮੁੱਖ ਮੰਤਰੀ, ਸ੍ਰ: ਲਛਮਣ ਸਿੰਘ ਗਿੱਲ, ਪੰਜਾਬੀ ਮਾਧਿਅਮ ਦੀ ਵਰਤੋਂ ਉਤੇ ਪਹਿਰਾ ਦੇ ਰਿਹਾ ਸੀ, ਉਸੇ ਤਰ੍ਹਾਂ ਦੀ ਤੇਜ਼ੀ ਨਾਲ, ਪੰਜਾਬ ਦੀ ਉਚਤਮ ਨੌਕਰਸ਼ਾਹੀ ਨੇ, ਜਿਸ ਵਿਚ ਸਾਰੇ ਕਹਿੰਦੇ ਕਹਾਉਂਦੇ ਅੰਗਰੇਜ਼ੀ ਪ੍ਰਸਤ ਅਫ਼ਸਰ ਸ਼ਾਮਿਲ ਸਨ, ਮਾਧਿਅਮ-ਬਦਲੀ ਨੂੰ ਅਪਣਾਉਣਾ ਸ਼ੁਰੂ ਕੀਤਾ ਹੋਇਆ ਸੀ । ਇਸ ਦਾ ਪਤਾ ਭਾਸ਼ਾ ਵਿਭਾਗ, ਪੰਜਾਬ ਦੇ ਉਸ ਵੇਲੇ ਦੇ ਡਾਇਰੈਕਟਰ ਦੀ 23 ਮਈ, 1968 ਦੀ ਰਪੋਟ ਤੋਂ ਲਗਦਾ ਹੈ । ਇਹ ਰਪੋਟ ਸਕਤਰੇਤ ਦੀ ਕੁਝ ਦਿਨਾਂ ਦੀ ਡਾਕ ਦੀ ਘੋਖ-ਪੜਤਾਲ ਪਿਛੋਂ ਮੁੱਖ ਮੰਤਰੀ ਨੂੰ ਭੇਜੀ ਗਈ ਸੀ । ਇਸ ਅਨੁਸਾਰ ਪੜਤਾਲ ਅਧੀਨ ਸਮੇਂ ਵਿਚ ਕਿਸੇ ਵਜ਼ੀਰ ਕਮਿਸ਼ਨਰ ਜਾਂ ਸਕੱਤਰ ਦੇ ਦਫ਼ਤਰ ਤੋਂ ਪੰਜਾਬੀ ਮਾਧਿਅਮ ਬਾਰੇ ਜਾਰੀ ਹੋਏ ਹੁਕਮ ਨੂੰ ਉਲੰਘਣ ਵਾਲੀ ਇਕ ਵੀ ਚਿੱਠੀ-ਜਾਰੀ ਨਹੀਂ ਸੀ ਹੋਈ । ਜੇ ਉਸ ਵੇਲੇ ਦੇ ਰਾਜ-ਪ੍ਰਬੰਧ ਦੇ ਸਿਖਰਲੇ ਖੇਤਰਾਂ ਵਿਚ, ਕੁਝ ਦਿਨਾਂ ਦੇ ਅੰਦਰ ਅੰਦਰ, ਪੰਜਾਬੀ ਦੀ ਵਰਤੋਂ ਸੌ ਫੀ ਸਦੀ ਹੋ ਗਈ ਸੀ ਤਾਂ ਜ਼ਿਲਾ-ਪੱਧਰ ਉਤੇ ਕਿਸੇ ਦੀ ਮਜਾਲ ਸੀ ਕਿ ਸਰਕਾਰੀ-ਲਿਖਾ-ਪੜ੍ਹੀ ਵਿਚ ਰਾਜ-ਭਾਸ਼ਾ ਦੀ ਥਾਂ ਕਿਸੇ ਹੋਰ ਭਾਸ਼ਾ ਦੀ ਵਰਤੋਂ ਕਰਦਾ ?



ਇਹ ਹਾਲਤ ਸੀ 1968 ਵਿਚ । ਹੁਣ 1980 ਹੈ । ਬਾਰਾਂ ਵਰ੍ਹੇ ਬੀਤ ਚੁਕੇ ਹਨ । ਬਾਰਾਂ ਵਰ੍ਹੇ ਸਰਕਾਰਾਂ ਲਈ ਭਾਵੇਂ ਬਹੁਤੇ ਨਾ ਹੋਣ, ਪਰ ਪੰਜਾਬੀ ਲੋਕ-ਮਾਨ ਨੇ ਇਸ ਸਾਮਿਅਕ ਇਕਾਈ ਨੂੰ ਐਸੀ ਵੱਡੀ ਤੇ ਸੰਭਾਵਨਾ-ਭਰਪੂਰ ਮੰਨਿਆਂ ਹੋਇਆ ਹੈ ਕਿ ਇਸ ਵਿਚ ਰੂੜੀਆਂ ਦੀ ਵੀ ਸੁਣੀ ਜਾ ਸਕਦੀ ਹੈ । ਬਦਕਿਸਮਤੀ ਨਾਲ, ਪੰਜਾਬ ਦੀ ਰਾਜ-ਭਾਸ਼ਾ, ਪੰਜਾਬੀ ਦਾ, ਪਿਛਲੇ ਬਾਰਾਂ ਵਰ੍ਹਿਆਂ ਦਾ ਤਜਰਬਾਂ ਦੱਸਦਾ ਹੈ ਕਿ ਘੌਲੀ, ਅਵੇਸਲੀਆਂ ਜਾਂ ਢਿੱਲੀ ਪਕੜ ਵਾਲੀਆਂ ਸਰਕਾਰਾਂ ਦੀ ਛਤਰ-ਛਾਇਆਂ ਹੇਠ, ਘੰਡ ਅਫ਼ਸਰਸ਼ਾਹੀ, ਸਮੇਂ ਨੂੰ ਪੁੱਠਾ ਗੇੜਾ ਦੇ ਕੇ, ਰਾਜ-ਰਾਣੀ ਨੂੰ ਰੂੜੀ ਉਤੇ ਵੀ ਬਿਠਾ ਸਕਦੀ ਹੈ ।

**II** ਸ੍ਰ: ਲੱਛਮਣ ਸਿੰਘ ਦੀ ਸਰਕਾਰ ਬਹੁਤੀ ਦੇਰ ਗੱਦੀ-ਨਸ਼ੀਨ ਨਾ ਰਹਿ ਸਕੀ । ਉਪਰੰਤ ਕ੍ਰਮਵਾਰ ਸ੍ਰ: ਗੁਰਨਾਮ ਸਿੰਘ, ਸ੍ਰ: ਪ੍ਰਕਾਸ਼ ਸਿੰਘ ਬਾਦਲ, ਗਿਆਨੀ ਜ਼ੈਲ ਸਿੰਘ ਤੇ ਫੇਰ ਦੂਜੀ ਵਾਰ ਸ੍ਰ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ । ਬਾਦਲ ਸਾਹਿਬ ਨੂੰ ਆਪਣੀ ਕੁਰਸੀ ਦੋਵੇਂ ਵਾਰੀ ਪ੍ਰਧਾਨ-ਰਾਜ ਲਈ ਖਾਲੀ ਕਰਨੀ ਪਈ । ਸਕਤਰੇਤ ਦੇ ਜਾਣਕਾਰ ਹਲਕਿਆਂ ਦੀ ਦੱਸ ਅਨੁਸਾਰ, ਗਿਆਨੀ ਜ਼ੈਲ ਸਿੰਘ ਨੂੰ ਛੱਡ ਕੇ, ਉਹ ਵੀ ਕਿਸੇ ਹੱਦ ਤਕ, ਬਾਕੀ ਦੋਹਾਂ ਮੁੱਖ ਮੰਤਰੀਆਂ ਦਾ ਧਿਆਨ, ਸਰਕਾਰੀ ਕਾਰ-ਵਿਹਾਰ ਵਿਚ ਪੰਜਾਬੀ ਮਾਧਿਅਮ ਦੀ ਵਰਤੋਂ ਨੇ ਘੱਟ ਹੀ ਮੱਲਿਆ । ਇਸ ਦਾ ਨਤੀਜਾ ਇਹ ਹੋਇਆ ਕਿ ਜਿਥੇ ਜਿਥੇ ਸਕਤਰੇਤ ਦੇ ਉਚੇਰੇ ਮੰਡਲਾਂ ਵਿਚ ਅੱਗੇ ਪੰਜਾਬੀ ਚਲ ਚੁਕੀ ਸੀ, ਉਥੇ ਉਥੇ ਅੰਗਰੇਜ਼ੀ ਨੇ ਮੁੜ ਕੇ ਪੈਰ ਜਮਾਉਣੇ ਸ਼ੁਰੂ ਕਰ ਦਿਤੇ । ਪ੍ਰਧਾਨ-ਰਾਜ ਜਦ ਵੀ ਆਇਆ, ਸਕਤਰੇਤ ਵਿਚੋਂ ਪੰਜਾਬੀ ਦੇ ਨਿਕਾਲੇ ਦਾ ਪਰਵਾਨਾ ਲੈ ਕੇ ਆਇਆ, ਪਰ ਹੁਣ ਵਾਲਾ ਪ੍ਰਧਾਨ-ਰਾਜ ਤਾਂ "ਪੋਸ਼ ਕਰੇਂਦਾ ਪੋਸ਼" ! ਜਿਵੇਂ ਲੋਕ-ਕਹਾਣੀਆਂ ਵਿਚ ਘਰ-ਮੁੜਿਆ ਦਿਓ, ਲੁੱਕੇ ਹੋਏ ਸ਼ਹਿਜ਼ਾਦੇ ਦੇ ਮਾਸ ਦੀ ਗੰਧ ਨੂੰ ਸੁੰਘ ਕੇ 'ਆਦਮ ਬੋ', 'ਆਦਮ ਬੋ' ਕੂਕਦਾ ਹੈ, ਉਸੇ ਤਰ੍ਹਾਂ ਗਵਰਨਰ ਸਾਹਿਬ ਤੇ ਉਨ੍ਹਾਂ ਦੇ ਵੱਡੇ ਅਫ਼ਸਰ ਸਕੱਤਰੇਤ ਵਿਚ 'ਪੰਜਾਬੀ ਬੋ', 'ਪੰਜਾਬੀ ਬੋ' ਦੀ ਦੋਹਾਈ ਦਿਆ ਕਰਦੇ ਸਨ । ਇਸ ਪੰਜਾਬੀ-ਧਰੋਹੀ-ਰਾਜ ਵਿਚ ਸੁਪਰਡੰਟ ਦੀ ਪਦਵੀ ਤੋਂ ਉਪਰ ਦਾ ਉਹੀ ਅਫ਼ਸਰ ਪੰਜਾਬੀ ਵਿਚ ਲਿਖਾ-ਪੜ੍ਹੀ ਦਾ ਹੌਸਲਾ ਕਰ ਸਕਦਾ ਸੀ, ਜੋ ਆਪਣੇ ਆਪ ਨੂੰ ਅਨਪੜ੍ਹ ਅਖਵਾਉਣ ਤੇ ਉਚੇਰੇ ਅਫ਼ਸਰਾਂ ਦੀ ਕਰੋਪੀ ਦਾ ਸ਼ਿਕਾਰ ਹੋਣ ਤੋਂ ਡਰਦਾ ਨਹੀਂ ਸੀ ।

ਸ੍ਰ: ਲਛਮਣ ਸਿੰਘ ਵੇਲੇ ਹੋਈ ਪ੍ਰਾਪਤੀ, ਹੌਲੀ ਹੌਲੀ, ਰਸਾਤਲ ਵੱਲ ਕਿਉਂ ਤੁਰ ਪਈ ? ਕੀ ਇਹ ਸਮਝ ਲਿਆ ਗਿਆ ਕਿ ਰਾਜ-ਭਾਸ਼ਾ ਦਾ ਮਸਲਾ, ਕਾਨੂੰਨ ਪਾਸ ਕਰਨ ਪਿਛੋਂ, ਸਦਾ ਲਈ ਨਿਬੜ ਚੁਕਾ ਹੈ ? ਨਹੀਂ, ਇਸ ਦੇ ਪਿੱਛੇ ਕਈ ਕਾਰਨ ਹਨ, ਜਿਨ੍ਹਾਂ ਵਿਚ ਸਭ ਤੋਂ ਵੱਡਾ, ਖਾਂਦੇ ਪੀਂਦੇ ਪੰਜਾਬੀ ਲੋਕਾਂ ਦੀ ਬਹੁਗਿਣਤੀ ਵਿਚ ਆਪਣੀ ਭਾਸ਼ਾ ਨਾਲ ਅਪਣੱਤ ਦਾ ਅਲਪ-ਭਾਵ ਹੈ, ਪਰ ਕਿਉਂਕਿ ਆਪਣੇ ਇਸ ਲੇਖ ਵਿਚ ਅਸੀਂ ਆਪਣਾ ਧਿਆਨ ਕੇਵਲ ਪੰਜਾਬ ਦੀ ਰਾਜ-ਭਾਸ਼ਾ, ਪੰਜਾਬੀ ਪ੍ਰਤੀ, ਖ਼ੰਜਾਬ ਸਰਕਾਰ ਦੇ ਰਵੱਈਏ ਉਤੇ ਕੇਂਦ੍ਰਿਤ ਕਰਨਾ ਹੈ, ਇਸ ਲਈ ਅਸੀਂ ਸਰਕਾਰ ਦੇ ਰਵੱਈਏ ਨੂੰ ਨਿਸਚਿਤ ਕਰਨ ਵਾਲੇ ਕਾਰਨਾਂ ਦੀ ਚੀਰ-ਫਾੜ ਵੱਲ ਨਹੀਂ ਪੈਣਾ ਚਾਹੁੰਦੇ । ਏਥੇ ਅਸੀਂ ਏਨਾਂ ਕਹਿਣਾ ਹੀ ਠੀਕ ਸਮਝਦੇ ਹਾਂ ਕਿ ਪੰਜਾਬ ਸਰਕਾਰ ਦੇ ਬਹੁਤੇ ਮੰਤਰੀਆਂ, ਵਿਸ਼ੇਸ਼ ਕਰਕੇ ਅਕਾਲੀ-ਜਨਤਾ ਸਰਕਾਰ ਦੇ ਕੁਝ ਪ੍ਰਮੁਖ ਮੰਤਰੀਆਂ, ਨੂੰ ਤਾਂ ਉਕਾ ਹੀ ਸੋਝੀ ਨਹੀਂ ਸੀ ਕਿ ਆਪਣੀ ਭਾਸ਼ਾ ਵਿਚ ਸਾਰੇ ਸਰਕਾਰੀ-ਕਾਰ-ਵਿਹਾਰ ਹੋ ਜਾਣ ਦੀ ਕੀ ਅਹਿਮੀਅਤ ਹੈ, ਇਸ ਲਈ ਕੁਝ ਆਪਣੇ ਹੀਣ-ਭਾਵ ਦੇ ਭਜਾਏ ਤੇ ਕੁਝ ਨੌਕਰਸ਼ਾਹੀ ਦੇ ਭੁੱਲੜ ਤੇ ਭੁਲਾਵੇਂ ਪ੍ਰਭਾਵ ਹੇਠ, ਉਨ੍ਹਾਂ

ਨੇ, ਅੰਗਰੇਜ਼ੀ ਦਾ ਛੱਪਾ, ਦਿਮਾਗੀ ਤੌਰ ਉਤੇ, ਪਰਵਾਨ ਕਰ ਲਿਆ। ਉਹ ਅੰਗਰੇਜ਼ੀ ਨੂੰ ਗੌਰਵ, ਰੁਆਬ-ਦਾਬ ਤੇ ਵਿਚਾਰ-ਪ੍ਰਗਟਾਵੇ ਵਿਚ ਸਹੂਲਤ ਨਾਲ ਜੋੜ ਬੈਠੇ। ਨਤੀਜੇ ਵਜੋਂ, ਪੰਜਾਬੀ ਬਾਰੇ ਅਕਾਲੀ-ਜਨਤਾ ਗਠਜੋੜ ਦੇ ਪ੍ਰਧਾਨ-ਭਾਈਵਾਲਾਂ ਦੀ ਬੇਸਮਝੀ ਤੇ ਲਾਪਰਵਾਹੀ ਅਤੇ ਘੱਲ ਭਾਈਵਾਲਾਂ ਦੇ ਸਮਝੇ-ਬੁੱਝੇ ਵਿਰੋਧ ਨੇ, ਪੰਜਾਬੀ ਦੀ ਗਤੀ ਨੂੰ ਕਿਤੇ ਬਿਲਕੁਲ ਜਾਮ ਕਰ ਦਿੱਤਾ ਤੇ ਕਿਤੇ ਪਿੱਛਲ-ਪੈਰੀਂ ਪਾ ਦਿੱਤਾ। ਸਪਸ਼ਟ ਹੈ ਕਿ ਇਸ ਤਰ੍ਹਾਂ ਕਦੀ ਵੀ ਨਾ ਹੋ ਸਕਦਾ ਜੇ ਪੰਜਾਬ ਦੇ ਪੰਜਾਬੀ-ਬੋਲਦੇ ਲੋਕਾਂ ਨੇ ਆਪਣੀ ਭਾਸ਼ਾ ਨੂੰ ਕਦੀ ਕਿਸੇ ਕੌਮੀਅਤੀ ਪੱਧਰ ਦੇ ਸੰਘਰਸ਼ ਦਾ ਸਾਂਝਾ ਸਾਧਨ ਤੇ ਵਾਹਨ ਬਣਾਇਆ ਹੁੰਦਾ। ਕੌਮੀਅਤ ਦੀ ਭਾਵਨਾ ਦੀ ਉਸਾਰੀ ਵਿਚ ਸਾਂਝੀ ਭਾਸ਼ਾ ਇਕ ਬਲਵਾਨ ਸੰਦ ਦਾ ਕੰਮ ਕਰਦੀ ਹੈ। ਇਸ ਨੂੰ ਤਗੜਾ ਕਰਨਾ ਹਰ ਜਮਹੂਰੀ ਸਰਕਾਰ ਦਾ ਫਰਜ਼ ਬਣਦਾ ਹੈ, ਪਰ ਜਦੋਂ ਪੰਜਾਬ ਦੀ ਹਰ ਸਰਕਾਰ ਪੰਜਾਬ ਦੇ ਲੋਕਾਂ ਵਿਚ ਕੌਮੀਅਤ ਭਾਵਨਾ ਉਪਜਾਉਣ ਵਾਲੇ ਇਸ ਬਲਵਾਨ ਸੰਦ ਨੂੰ ਖੁੰਡਾ ਕਰਨ ਵੱਲ ਤੁਰ ਪਵੇ, ਤਾਂ ਪੰਜਾਬ, ਪੰਜਾਬੀ ਭਾਸ਼ਾ ਤੇ ਪੰਜਾਬੀ ਲੋਕਾਂ ਦੇ ਹਿਤੈਸ਼ੀਆਂ ਨੂੰ ਖਬਰਦਾਰ ਹੋ ਜਾਣਾ ਚਾਹੀਦਾ ਹੈ। ਏਥੇ ਅਸੀਂ, ਨਮੂਨੇ ਵਜੋਂ, ਕੁਝ ਸਰਕਾਰੀ ਕੀਤੀਆਂ ਤੇ ਅਣਕੀਤੀਆਂ ਦਾ ਵੇਰਵਾ ਦੇਂਦੇ ਹਾਂ, ਜਿਨ੍ਹਾਂ ਤੋਂ ਅਨੁਮਾਨ ਲਗ ਸਕਦਾ ਹੈ ਕਿ ਸਾਡੀਆਂ ਆਪਣੀਆਂ ਸਹੇੜੀਆਂ ਸਰਕਾਰਾਂ ਤੇ ਸਾਡੇ ਆਪਣੇ ਛੋਟੇ-ਵੱਡੇ ਤਨਖਾਹਦਾਰ ਕਰਮਚਾਰੀ ਭਾਸ਼ਾ ਦੇ ਪੱਖੋਂ ਸਾਡੀ ਕਿਸ ਤਰ੍ਹਾਂ ਦੀ ਸੇਵਾ ਕਰਦੇ ਹਨ :—

(ੳ) ਪੰਜਾਬ ਰਾਜ-ਭਾਸ਼ਾ ਐਕਟ, 1967, ਜਿਵੇਂ ਕਿ ਅੱਗੇ ਦੱਸਿਆ ਜਾ ਚੁਕਾ ਹੈ, 1968 ਵਿਚ ਪੂਰੀ ਤਰ੍ਹਾਂ ਲਾਗੂ ਹੋ ਗਿਆ ਸੀ। ਹਰ ਐਕਟ ਵਾਂਗ ਇਸ ਐਕਟ ਦੇ ਵੀ ਨਿਯਮ-ਉਪਨਿਯਮ ਤਿਆਰ ਕੀਤੇ ਜਾਣੇ ਸਨ, ਪਰ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਇਸ ਦਾ ਚਿਤ-ਚੇਤਾ ਹੀ ਨਹੀਂ ਹੈ, ਹਾਲਾਂਕਿ ਇਨ੍ਹਾਂ ਤੋਂ ਹੀ ਨਿਸ਼ਚਿਤ ਹੋਣਾ ਸੀ ਕਿ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਕੀ ਸਜ਼ਾ ਮਿਲੇਗੀ। ਸੱਚੀ ਗੱਲ ਇਹ ਹੈ ਕਿ ਉਪਰਲੀਆਂ ਕੁਰਸੀਆਂ ਵਾਲੇ ਆਪ ਹੀ ਐਕਟ ਦਾ ਉਲੰਘਣ ਕਰਦੇ ਸਨ, ਇਸ ਲਈ ਉਹ ਸਜ਼ਾ ਦੀ ਗੱਲ ਕਿਹੜੇ ਮੂੰਹ ਨਾਲ ਕਰਦੇ? ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨਿਯਮਾਂ ਦੀ ਘਾੜਤ ਭੁਲੇਖੇ ਨਾਲ ਹੀ ਰਹਿ ਗਈ ਹੈ। ਇਸ ਦੇ ਪਿੱਛੇ ਕੋਈ ਗਿਣੀ-ਮਿਥੀ ਸਾਜ਼ਸ਼ ਨਹੀਂ ਹੈ, ਪਰ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਅਗਲੇ ਪੈਰੇ ਵਿਚ ਦੱਸੀ ਗੱਲ ਕਿਸੇ 'ਉਕਾਈ' ਦਾ ਨਤੀਜਾ ਹੈ ਕਿ ਸੋਚੀ-ਵਿਚਾਰੀ ਵਿਉਂਤ ਦਾ?

(ਅ) ਸ੍ਰ: ਲਛਮਣ ਸਿੰਘ ਗਿੱਲ ਦੇ ਵੇਲੇ ਤੋਂ ਹੀ, ਸਰਕਾਰੀ ਕਰਮਚਾਰੀਆਂ ਦੀ ਅੰਗਰੇਜ਼ੀ-ਨਵਾਜ਼ ਰੁਚੀ ਉਤੇ ਕੁੰਡਾ ਰਖਣ ਲਈ, ਭਾਸ਼ਾ ਵਿਭਾਗ, ਪੰਜਾਬ ਨੂੰ, ਸਰਕਾਰੀ ਦਫ਼ਤਰਾਂ ਵਿਚ ਛਾਪੇ ਮਾਰਨ ਦਾ ਅਧਿਕਾਰ ਮਿਲਿਆ ਹੋਇਆ ਸੀ। ਵਿਭਾਗ ਦੇ ਅਫ਼ਸਰ ਆਪ ਜਾ ਕੇ, ਕਦੀ ਕਿਸੇ ਕਦੀ ਕਿਸੇ ਦਫ਼ਤਰ ਦੀ ਡਾਕ ਦੀ ਪੜਤਾਲ ਕਰਿਆ ਕਰਦੇ ਸਨ। ਪੰਜਾਬ ਰਾਜ-ਭਾਸ਼ਾ ਐਕਟ ਨੂੰ ਉਲੰਘ ਕੇ, ਅੰਗਰੇਜ਼ੀ ਵਰਤਣ ਵਾਲਿਆਂ ਦੀ ਰਪੋਟ, ਸੂਚਨਾ ਤੇ ਅਗਲੇਰੀ ਕਾਰਵਾਈ ਲਈ, ਸਿਫ਼ਾਰਸ਼ ਸਰਕਾਰ ਨੂੰ ਭੇਜੀ ਜਾਇਆ ਕਰਦੀ ਸੀ। ਲੇਖਕ ਨੂੰ ਜਾਤੀ ਤੌਰ ਉਤੇ ਪਤਾ ਹੈ ਕਿ ਵੱਡੇ ਵੱਡੇ ਅਫ਼ਸਰ ਇਸ ਛਾਪੇ ਤੋਂ ਡਰਿਆ ਕਰਦੇ ਸਨ। ਅਕਾਲੀ-ਜਨਤਾ ਸਰਕਾਰ ਨੇ, ਆਪਣੀ ਅਫ਼ਸਰਸ਼ਾਹੀ ਦੀ ਮੰਗ ਉਤੇ ਜਾਂ ਉਨ੍ਹਾਂ ਨੂੰ ਖ਼ੁਸ਼ ਕਰਨ ਲਈ, ਭਾਸ਼ਾ ਵਿਭਾਗ ਪਾਸੋਂ, ਅਚਾਨਕ ਛਾਪਾ ਮਾਰਨ ਦਾ ਅਧਿਕਾਰ ਖੋਹ ਲਿਆ। ਹੁਣ, ਜਿਸ ਅਫ਼ਸਰ ਦੇ ਦਫ਼ਤਰ ਦੀ ਪੜਤਾਲ ਕਰਨੀ ਹੋਵੇ, ਉਸ ਨੂੰ ਭਾਸ਼ਾ ਵਿਭਾਗ ਅਗਾਊਂ ਲਿਖ ਕੇ ਭੇਜਦਾ ਹੈ ਕਿ ਅਸੀਂ ਫਲਾਣੇ ਦਿਨ ਪੜਤਾਲ ਲਈ ਆਉਣਾ ਚਾਹੁੰਦੇ ਹਾਂ, ਜੇ ਆਗਿਆ ਹੋਵੇ ਤਾਂ ਹਾਜ਼ਰ ਹੋ ਜਾਈਏ! ਅੱਗੋਂ ਜਿੰਨਾਂ ਚਿਰ ਅਫ਼ਸਰ ਹਰੀ ਝੰਡੀ ਨਾ



ਵਿਖਾਏ, ਭਾਸ਼ਾ ਵਿਭਾਗ ਉਧਰ ਮੂੰਹ ਨਹੀਂ ਕਰ ਸਕਦਾ। ਪੰਜਾਬੀ ਦੀ ਵਰਤੋਂ ਵਿਚ ਸੰਕੋਚ ਵਰਤਣ ਵਾਲੇ ਦੋਸ਼ੀ ਅਫ਼ਸਰਾਂ ਦੀ ਸਹੂਲਤ ਲਈ ਛਾਪੇ ਤੇ ਪੜਤਾਲ ਦੇ ਇਸ ਨਵੇਂ ਸੰਕਲਪ ਦੀ ਕਾਢ ਲਈ ਕੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਦੀ ਭੰਗ ਹੋ ਚੁਕੀ ਸਰਕਾਰ, ਸਾਰੇ ਪੰਜਾਬੀਆਂ ਦੀ ਨਿੱਘੀ ਵਧਾਈ ਦੀ ਪਾਤਰ ਨਹੀਂ ਹੈ? ਜੇ ਅਸੀਂ ਇਸ ਤੋਂ ਇਹ ਨਤੀਜਾ ਕੱਢ ਲਈਏ ਕਿ ਆਦੇਸ਼ ਉਸ ਵਿਆਪਕ ਪੰਜਾਬੀ-ਵਿਰੋਧੀ ਚਾਲ ਦਾ ਇਕ ਪ੍ਰਗਟਾਵਾ ਹੈ ਜੋ ਪੰਜਾਬ ਸਰਕਾਰ ਦੇ ਸਕੱਤਰੇਤ ਵਿਚ ਜ਼ੋਰ-ਸ਼ੋਰ ਨਾਲ ਕਾਰਜਸ਼ੀਲ ਹੈ, ਤਾਂ ਠੀਕ ਹੀ ਹੋਵੇਗਾ।

(ੲ) ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ ਆਪਣੇ ਮੁੱਖ ਇਮਤਿਹਾਨਾਂ ਦੇ ਪਰਚੇ ਭਾਰਤ ਦੀ ਹਰ ਮਾਨਤਾ-ਪ੍ਰਾਪਤ ਰਾਜ-ਭਾਸ਼ਾ ਵਿਚ ਹੱਲ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਪੰਜਾਬੀ ਜਾਣਦਾ ਕੋਈ ਵੀ ਉਮੀਦਵਾਰ ਆਪਣੇ ਪਰਚੇ ਪੰਜਾਬੀ ਵਿਚ ਕਰ ਕੇ ਆਈ. ਏ. ਐਸ., ਆਈ ਐਫ਼. ਐਸ. ਜਾਂ ਆਈ. ਪੀ. ਐਸ. ਆਦਿ ਬਣ ਸਕਦਾ ਹੈ, ਪਰ ਪੰਜਾਬ ਦੀ ਸਿਤਮ-ਜ਼ਰੀਫ਼ੀ ਇਹ ਹੈ ਕਿ ਉਹੀ ਉਮੀਦਵਾਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਪੀ. ਸੀ. ਐਸ. ਇਮਤਿਹਾਨ ਦੇ ਪਰਚੇ, ਪੰਜਾਬੀ ਮਾਧਿਅਮ ਰਾਹੀਂ ਦੇਣਾ ਚਾਹੇ ਤਾਂ ਉਸ ਨੂੰ ਆਗਿਆ ਨਹੀਂ ਮਿਲੇਗੀ। ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਸਰਬ-ਸੰਮਤੀ ਨਾਲ ਪੰਜਾਬੀ ਮਾਧਿਅਮ ਚਾਲੂ ਕਰਨ ਦੀ ਆਗਿਆ ਦੇਣ ਲਈ ਪੰਜਾਬ ਸਰਕਾਰ ਨੂੰ ਕਈ ਵਾਰੀ ਬੇਨਤੀ ਕਰ ਚੁੱਕਾ ਹੈ, ਪਰ ਅਜੇ ਤੱਕ ਸਰਕਾਰ ਨੇ ਹਾਮੀਂ ਨਹੀਂ ਭਰੀ। ਕਮਿਸ਼ਨ ਦੇ ਇਕ ਰਹਿ-ਚੁੱਕੇ ਪ੍ਰਧਾਨ ਅਨੁਸਾਰ, ਗਿਆਨੀ ਜ਼ੈਲ ਸਿੰਘ ਵੇਲੇ ਇਸ ਮਦ ਨੂੰ ਤਿੰਨ ਵਾਰ ਮੰਤਰੀ-ਮੰਡਲ ਦੇ ਏਜੰਡੇ ਵਿਚ ਵੀ ਰੱਖਿਆ ਗਿਆ, ਪਰ ਉਹ ਇਸ ਨੂੰ ਆਪਣੇ ਸਾਥੀਆਂ ਪਾਸੋਂ ਪਾਸ ਕਰਾਉਣ ਵਿਚ ਅਸਫਲ ਰਹੇ। ਅਕਾਲੀ-ਜਨਤਾ ਸਰਕਾਰ ਵੇਲੇ ਤਾਂ ਕਮਿਸ਼ਨ ਦੀ ਉਪਰੋਕਤ ਸਿਫਾਰਸ਼ ਦੇ ਮੰਨੇ ਜਾਣ ਦੀ ਸੰਭਾਵਨਾ ਵੈਸੇ ਹੀ ਬੜੀ ਘੱਟ ਸੀ। ਸੋ ਉਮੀਦਵਾਰਾਂ ਦੇ ਹਿਤਾਂ ਦੀ ਬਲੀ ਦੇ ਕੇ, ਆਪਣੀ ਪਾਰਟੀ ਦੀ ਪ੍ਰਗਟ ਨੀਤੀ ਦੇ ਵਿਰੁੱਧ ਤੇ ਪਬਲਿਕ ਸਰਵਿਸ ਕਮਿਸ਼ਨ ਦੇ ਨਾ ਚਾਹੁਣ ਦੇ ਬਾਵਜੂਦ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਇਮਤਿਹਾਨਾਂ ਦਾ ਮਾਧਿਅਮ, ਪੰਜਾਬੀ ਦੀ ਥਾਂ, ਅੰਗ੍ਰੇਜ਼ੀ ਹੈ।

(ਸ) ਕਈ ਵਰ੍ਹੇ ਹੋਏ, ਭਾਰਤ ਸਰਕਾਰ ਵਲੋਂ ਭਾਰਤ ਦੀਆਂ ਵੱਖ ਵੱਖ ਰਾਜ-ਭਾਸ਼ਾਵਾਂ ਵਿਚ ਤਿਆਰ ਹੋਣ ਵਾਲੇ ਕਾਨੂੰਨਾਂ ਦੀ ਭਾਸ਼ਾ ਦੀ ਪ੍ਰਮਾਣਿਕਤਾ ਕਾਇਮ ਕਰਨ ਤੇ ਐਕਟਾਂ, ਆਦਿ ਦੇ ਪ੍ਰਮਾਣਿਕ ਅਨੁਵਾਦ ਕਰਨ ਲਈ, ਹਰ ਰਾਜ-ਸਰਕਾਰ ਨੂੰ, ਕੇਂਦਰੀ ਸਰਕਾਰ ਦੇ ਖਰਚ ਉਤੇ, ਕਾਨੂੰਨ ਨਾਲ ਸੰਬੰਧਿਤ ਭਾਸ਼ਾ ਕਮਿਸ਼ਨ ਨਿਯੁਕਤ ਕਰਨ ਦੀ ਹਦਾਇਤ ਕੀਤੀ ਗਈ ਸੀ। ਇਸ ਯੋਜਨਾ ਦੇ ਅਧੀਨ, ਕਈ ਵਰ੍ਹੇ ਹੋਏ, ਪੰਜਾਬ ਵਿਚ ਵੀ, ਉੱਚ ਯੋਗਤਾਵਾਂ ਵਾਲਾ ਇਕ ਅਧਿਕਾਰੀ ਕਮਿਸ਼ਨ ਮੁਕੱਰਰ ਕੀਤਾ ਗਿਆ ਸੀ ਪਰ ਇਸ ਲੇਖਕ ਨੂੰ ਦੱਸਿਆ ਗਿਆ ਹੈ ਕਿ ਇਸ ਦਾ ਤਕਰੀਬਨ ਸਾਰਾ ਅਮਲਾ ਨਿਕੰਮਾ ਬੈਠਣ ਉਤੇ ਮਜਬੂਰ ਕੀਤਾ ਹੋਇਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਇਹ ਕੰਮ ਅਕਾਲੀ-ਜਨਤਾ ਸਰਕਾਰ ਦੇ ਜਿਸ ਵਜ਼ੀਰ ਦੇ ਅਧਿਕਾਰ-ਖੇਤਰ ਵਿਚ ਪੈਂਦਾ ਸੀ, ਉਹ ਜਨਤਾ ਪਾਰਟੀ ਨਾਲ ਸੰਬੰਧਿਤ ਸੀ ਤੇ ਉਸ ਨੂੰ ਪੰਜਾਬ ਵਿਚ ਪੰਜਾਬੀ ਦਾ ਵਾਧਾ ਸੁਖਾਉਂਦਾ ਨਹੀਂ ਸੀ ਤੇ ਅਕਾਲੀ ਪਾਰਟੀ ਨਾਲ ਸੰਬੰਧਿਤ ਚੀਫ਼ ਮਨਿਸਟਰ ਉਸ ਦੀ ਨਰਾਜ਼ਗੀ ਸਹੇੜਨ ਨਾਲੋਂ ਪੰਜਾਬੀ ਦਾ ਨੁਕਸਾਨ ਝੱਲਣ ਨੂੰ ਵਧੇਰੇ ਸੁਖਦਾਈ ਮੰਨਦਾ ਸੀ। ਇਸੇ ਲਈ ਜਾਣਕਾਰ ਸੂਤਰਾਂ ਅਨੁਸਾਰ ਜਿੱਥੇ ਪੰਜਾਬ ਨੇ ਮਸਾਂ 25 ਜਾਂ 30 ਐਕਟ ਭੁਗਤਾਏ ਹੋਣਗੇ, ਉਥੇ ਮਲਿਆਲੀ, ਗੁਜਰਾਤੀ, ਆਦਿ ਸੈਂਕੜੇ ਐਕਟ ਆਪਣੀਆਂ ਭਾਸ਼ਾਵਾਂ ਵਿਚ ਪਰਤਾ ਹਨ ਦਿਤੇ ਗਏ।

(ਹ) ਪੰਜਾਬ ਸਰਕਾਰ ਨੇ ਆਪਣੀ ਸਿੱਧੀ ਸਿਰਦਰਦੀ ਘਟਾਉਣ ਤੇ ਕੰਮ ਦੇ ਭੁਗਤਾਨ ਨੂੰ ਵਧੇਰੇ ਅਸਰਦਾਰ ਬਣਾਉਣ ਲਈ ਕਈ ਅਰਧ-ਸਰਕਾਰ ਕਾਰਪੋਰੇਸ਼ਨਾਂ, ਬੋਰਡ ਤੇ ਕੰਪਨੀਆਂ, ਆਦਿ ਬਣਾਈਆਂ ਹੋਈਆਂ ਹਨ। ਇਨ੍ਹਾਂ ਵਿਚੋਂ ਕੁਝ ਦਾ ਅਰਬਾਂ ਰੁਪੈ ਦਾ ਵਹੀ-ਖਾਤਾ ਹੈ। ਹਜ਼ਾਰਾਂ ਬੰਦੇ ਇਨ੍ਹਾਂ ਦੇ ਮੁਲਾਜ਼ਮ ਹਨ ਤੇ ਇਨ੍ਹਾਂ ਦੇ ਦਫ਼ਤਰਾਂ ਤੋਂ ਹਰ ਰੋਜ਼ ਹਜ਼ਾਰਾਂ ਹੀ ਚਿੱਠੀਆਂ ਪੰਜਾਬ ਦੇ ਅੰਦਰ ਤੇ ਬਾਹਰ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕੁਝ ਦੇ ਨਾਂ ਹਨ: ਦੀ ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ ਮਾਰਕਟਿੰਗ ਫ਼ੈਡਰੇਸ਼ਨ (ਮਾਰਕਫੈੱਡ), ਪੰਜਾਬ ਸਟੇਟ ਈਲੈਕਟ੍ਰਿਸਿਟੀ ਬੋਰਡ, ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ, ਦੀ ਪੰਜਾਬ ਸਟੇਟ ਐਗਰੀਕਲਚਰਲ ਮਾਰਕਟਿੰਗ ਬੋਰਡ, ਦੀ ਪੰਜਾਬ ਸਟੇਟ ਸੀਡਜ਼ ਕਾਰਪੋਰੇਸ਼ਨ, ਦੀ ਪੰਜਾਬ ਪੋਲਟਰੀ ਡੀਵੈਲਪਮੈਂਟ ਕਾਰਪੋਰੇਸ਼ਨ, ਦੀ ਪੰਜਾਬ ਡੇਅਰੀ ਡੀਵੈਲਪਮੈਂਟ ਕਾਰਪੋਰੇਸ਼ਨ, ਦੀ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ, ਪੰਜਾਬ ਹਾਊਸਿੰਗ ਡੀਵੈਲਪਮੈਂਟ ਬੋਰਡ, ਪੰਜਾਬ ਸਟੇਟ ਵੇਅਰਹਾਊਸਿਗ ਕਾਰਪੋਰੇਸ਼ਨ, ਪੰਜਾਬ ਸਟੇਟ ਹੋਜ਼ਰੀ ਐਂਡ ਨਿਟਵੇਅਰ ਡੀਵੈਲਪਮੈਂਟ ਕਾਰਪੋਰੇਸ਼ਨ ਆਦਿ। ਇਹ ਤੇ ਇਸ ਤਰ੍ਹਾਂ ਦੀਆਂ ਹੋਰ ਬਹੁਤ ਸੰਸਥਾਵਾਂ ਪੰਜਾਬ ਸਰਕਾਰ ਦੀਆਂ ਆਪਣੀਆਂ ਖੜੀਆਂ ਕੀਤੀਆਂ ਹੋਈਆਂ ਹਨ, ਇਸ ਲਈ ਇਨ੍ਹਾਂ ਵਿਚੋਂ ਕਿਸੇ ਸੰਸਥਾ ਦਾ ਪੰਜਾਬ ਸਰਕਾਰ ਦੀ ਕਿਸੇ ਬੁਨਿਆਦੀ ਨੀਤੀ ਦੇ ਵਿਰੁੱਧ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੋਣਾ ਚਾਹੀਦਾ, ਪਰ ਸਾਡੀ ਪੜਤਾਲ ਅਨੁਸਾਰ, ਇਨ੍ਹਾਂ ਵਿਚੋਂ ਇਕ ਵੀ ਸੰਸਥਾ ਐਸੀ ਨਹੀਂ ਹੈ, ਜੋ ਦਫ਼ਤਰੀ ਭਾਸ਼ਾ ਬਾਰੇ ਪੰਜਾਬ ਸਰਕਾਰ ਦੀ ਘੋਸ਼ਿਤ ਨੀਤੀ ਉਤੇ ਅਮਲ ਕਰ ਰਹੀ ਹੋਵੇ, ਬਲਕਿ ਕਈਆਂ ਦਾ ਤਾਂ ਸਾਰੇ ਦਾ ਸਾਰਾ ਕੰਮ ਹੀ ਅੰਗ੍ਰੇਜ਼ੀ ਵਿਚ ਹੁੰਦਾ ਹੈ। ਬਾਹਰਲਿਆਂ ਨਾਲ ਅੰਗ੍ਰੇਜ਼ੀ ਵਿਚ ਲਿਖਾ-ਪੜ੍ਹੀ ਕਰਨੀ ਹੈ ਕਿ ਹਿੰਦੀ ਵਿਚ, ਇਸ ਬਾਰੇ ਤਾਂ ਉਨ੍ਹਾਂ ਦੀਆਂ ਵਪਾਰਕ ਲੋੜਾਂ ਹੀ ਨਿਸ਼ਚਾ ਕਰ ਸਕਦੀਆਂ ਹਨ, ਪਰ ਅੰਦਰਲੀ ਲਿਖਾਪੜ੍ਹੀ ਲਈ ਅੰਗ੍ਰੇਜ਼ੀ ਨੂੰ ਚਾਲੂ ਰੱਖੀ ਰੱਖਣਾ, ਕਿਸੇ ਪੱਖੋਂ ਵੀ ਉਚਿਤ ਨਹੀਂ ਹੈ। ਅਸੀਂ ਭੁੱਲੇ ਹੋਏ ਨਹੀਂ ਕਿ ਜੇ ਵਜ਼ੀਰ-ਮੰਡਲੀ ਚੋਕਸ ਹੁੰਦੀ ਤਾਂ ਅਫ਼ਸਰਾਂ ਨੇ ਚੁਕੰਨੇ ਹੋ ਜਾਣਾ ਸੀ ਤੇ ਜੇ ਅਫ਼ਸਰ ਚੁਕੰਨੇ ਹੁੰਦੇ ਤਾਂ ਮਾਤਹਿਤ ਆਪਣੇ ਆਪ ਚੋਕਸ ਹੁੰਦੇ ਤੇ ਇਨ੍ਹਾਂ ਸੰਸਥਾਵਾਂ ਵਿਚੋਂ ਕਿਸੇ ਨੂੰ ਵੀ ਪੰਜਾਬ ਰਾਜ-ਭਾਸ਼ਾ ਐਕਟ, 1967 ਦੀ ਮਨਸ਼ਾ ਦੇ ਉਲਟ ਜਾਣ ਦਾ ਹੌਸਲਾ ਨਹੀਂ ਸੀ ਪੈਣਾ, ਪਰ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਸਰਕਾਰ ਨੇ ਆਪਣੀ ਦਿਆਲਤਾ ਪ੍ਰਗਟਾਉਣ ਦਾ ਇਕੋ ਢੰਗ ਰੱਖਿਆ ਹੋਇਆ ਹੈ ਤੇ ਉਹ ਹੈ ਪੰਜਾਬ ਰਾਜ-ਭਾਸ਼ਾ ਐਕਟ ਨੂੰ ਉਲੰਘਣ ਵਾਲਿਆਂ ਦੇ ਦੋਸ਼ ਨੂੰ ਵੇਖ ਕੇ ਅਣਡਿੱਠ ਕਰੀ ਜਾਣਾ।

(ਕ) ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ, ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਉਪਰੋਕਤ ਅਰਧ-ਸਰਕਾਰੀ ਸੰਸਥਾਵਾਂ ਤੋਂ ਪ੍ਰਕਾਰਕ ਤੌਰ ਉਤੇ ਵੱਖ ਤਰ੍ਹਾਂ ਦੀਆਂ ਸੰਸਥਾਵਾਂ ਮੰਨਣੀਆਂ ਚਾਹੀਦੀਆਂ ਹਨ, ਕਿਉਂਕਿ ਇਨ੍ਹਾਂ ਨੇ ਪੰਜਾਬ ਤੇ ਪੰਜਾਬ ਤੋਂ ਬਾਹਰ ਦੀਆਂ ਸਰਕਾਰੀ, ਅਰਧ-ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਲਈ ਹਰ ਪੱਧਰ ਦਾ ਪ੍ਰਬੰਧਕ ਅਮਲਾ ਹੀ ਤਿਆਰ ਨਹੀਂ ਕਰਨਾ ਹੁੰਦਾ, ਪੰਜਾਬ ਨੂੰ ਸਮਾਜਿਕ, ਆਰਥਿਕ, ਵਿਗਿਆ-ਨਿਕ ਤੇ ਤਕਨੀਕੀ ਖੇਤਰਾਂ ਵਿਚ ਅਗਵਾਈ ਦੇਣ ਵਾਲੇ ਸਿਧਾਂਤੀ ਤੇ ਤਕਨੀਕੀ ਵਿਸ਼ੇਸ਼ੱਗ ਵੀ ਉਪਜਾਉਣੇ ਹੁੰਦੇ ਹਨ। ਪੰਜਾਬ ਦੇ ਇਸ ਬੁੱਧੀਮਾਨ ਵਰਗ ਦੀ ਤਿਆਰੀ ਵਿਚ ਪੰਜਾਬੀ ਤੋਂ ਕੀ ਸੇਵਾ ਲਈ ਜਾਂਦੀ ਹੈ ? ਸਿੱਖਿਆ-ਕ੍ਰਮ ਵਿਚ ਪੰਜਾਬੀ ਦਾ ਕੀ ਸਥਾਨ ਹੈ ? ਪੰਜਾਬੀ ਦੀ



ਮਾਧਿਅਮੀ ਸਮਰੱਥਾ ਵਧਾਉਣ ਲਈ ਕਿਸ ਤਰ੍ਹਾਂ ਦੇ ਯੋਜਨਾ-ਬੱਧ ਉੱਦਮ ਛੋਹੇ ਗਏ ਹਨ ? ਇਸ ਤਰ੍ਹਾਂ ਦਾ ਲੇਖਾ-ਜੋਖਾ ਹੋਣਾ ਹੀ ਚਾਹੀਦਾ ਹੈ। ਕਿਉਂਕਿ ਅੰਤਿਮ ਰੂਪ ਵਿਚ ਇਹ ਸੰਸਥਾਵਾਂ ਸਰਕਾਰ ਦੇ ਵਿਦਿਅਕ ਦਿਸਹੱਦੇ ਦਾ ਪ੍ਰਗਟਾਵਾ ਹੀ ਹੁੰਦੀਆਂ ਹਨ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਮੈਂਬਰ ਅਤੇ ਪੰਜਾਬ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਦੀਆਂ ਸਿੰਡੀਕੇਟਾਂ ਤੇ ਸੈਨੇਟਾਂ ਅਤੇ ਪੰਜਾਬੀ ਯੂਨੀਵਰਸਿਟੀ ਦੀਆਂ ਕਈ ਸਮਿਤੀਆਂ ਦਾ ਮੈਂਬਰ ਰਹਿਣ ਦੇ ਮੌਕੇ ਮਿਲ ਚੁੱਕੇ ਹਨ, ਇਸ ਲਈ, ਇਨ੍ਹਾਂ ਅਦਾਰਿਆਂ ਦੇ ਪੰਜਾਬੀ ਵੱਲ ਰੁਖ ਬਾਰੇ ਵਿਸਤ੍ਰਿਤ ਗੱਲ ਕਰਨੀ ਸੰਭਵ ਹੈ। ਇਨ੍ਹਾਂ ਸੰਸਥਾਵਾਂ ਦੀ ਅਹਿਮੀਅਤ ਦੇ ਸਨਮੁੱਖ ਅਸੀਂ ਇਨ੍ਹਾਂ ਬਾਰੇ ਫੇਰ ਕਿਸੇ ਸੁਤੰਤਰ ਲੇਖ ਵਿਚ ਜ਼ਿਕਰ ਕਰਾਂਗੇ। ਅਜੇ ਏਨਾ ਇਸ਼ਾਰਾ ਹੀ ਕਾਫ਼ੀ ਹੈ ਕਿ ਪੰਜਾਬ ਯੂਨੀਵਰਸਿਟੀ ਦਾ ਅਸਲੀ ਮਾਲੀ ਬੋਝ ਪੰਜਾਬ ਸਰਕਾਰ ਨੂੰ ਸਹਿਣਾ ਪੈਂਦਾ ਹੈ, ਪਰ ਪੰਜਾਬੀ ਨੂੰ ਉਸ ਦੇ ਦਫ਼ਤਰ ਦੇ ਲਾਗਿਉਂ ਵੀ ਨਹੀਂ ਲੰਘਣ ਦਿਤਾ ਜਾਂਦਾ। ਬਾਕੀ ਦੀਆਂ ਤਿੰਨ ਯੂਨੀਵਰਸਿਟੀਆਂ ਵਿਚ ਪੰਜਾਬੀ ਲਈ ਨਾ ਲਛਮਣ ਸਿੰਘੀ ਪਕੜ ਦਿਖਾਈ ਦੇਂਦੀ ਹੈ ਤੇ ਨਾ ਇਨ੍ਹਾਂ ਦੇ ਉੱਚ ਅਧਿਕਾਰੀ ਪੰਜਾਬੀ ਮਾਧਿਅਮ ਰਾਹੀਂ ਪੰਜਾਬ ਦੇ ਸਾਂਸਕ੍ਰਿਤਕ, ਬੌਧਿਕ ਜਾਂ ਤਕਨੀਕੀ ਕਾਇਆ-ਕਲਪ ਦੇ ਕਾਇਲ ਹਨ। ਪੰਜਾਬ ਸਰਕਾਰ ਦੇ ਨੁਮਾਇੰਦੇ ਕਿਉਂਕਿ ਸਕੂਲ ਐਜੂਕੇਸ਼ਨ ਬੋਰਡ, ਹਰ ਯੂਨੀਵਰਸਿਟੀ ਦੀ ਸਿੰਡੀਕੇਟ ਤੇ ਸੈਨੇਟ ਵਿਚ ਮੌਜੂਦ ਹਨ, ਇਸ ਲਈ ਜਦੋਂ ਇਹ ਸੰਸਥਾਵਾਂ ਪੰਜਾਬੀ ਬਾਰੇ ਘੇਸ ਮਾਰਨ ਵਾਲੀ ਨੀਤੀ ਅਪਣਾਉਂਦੀਆਂ ਹਨ ਤਾਂ ਸਰਕਾਰ ਇਸ ਤੋਂ ਅੰਞਾਣ ਨਹੀਂ ਹੁੰਦੀ।

III ਸਰਕਾਰੀ ਦਫ਼ਤਰਾਂ ਵਿਚ ਅਣਵਰਤੋਂ ਨਾਲ ਪੰਜਾਬੀ ਨੂੰ ਪਛੜੇਵੇਂ ਵਿਚ ਰੱਖੀ ਰੱਖਣ ਦੀਆਂ ਮਿਸਾਲਾਂ ਤਾਂ ਜਿਸ ਦਫ਼ਤਰ ਤੋਂ ਵੀ ਕੋਈ ਚਾਹੇ ਤੇ ਜਿੰਨੀਆਂ ਚਾਹੇ, ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ। ਪਿਛਲੇ ਦੋ ਵਰ੍ਹਿਆਂ ਤੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਮਾਧਿਅਮ ਨੂੰ ਜਿਸ ਗਰਮਜੋਸ਼ੀ ਨਾਲ ਪੁਨਰ-ਸਥਾਪਿਤ ਕੀਤਾ ਗਿਆ ਹੈ, ਅਤੇ ਜੋ ਪ੍ਰਧਾਨ-ਰਾਜ ਦੇ ਕੁਝ ਮਹੀਨਿਆਂ ਦੇ ਸਮੇਂ ਵਿਚ ਹੀ ਆਪਣੇ ਚਰਮ-ਸਿਖਰ ਨੂੰ ਛੁਹ ਗਿਆ ਹੈ, ਉਸ ਤੋਂ ਤਾਂ ਇਹੀ ਸਿੱਧ ਹੁੰਦਾ ਹੈ ਕਿ ਸਰਕਾਰ ਪੰਜਾਬੀ ਵਲ ਨਿਰੀ ਅਲਗਰਜ਼ ਜਾਂ ਨਿਰਮੋਹ ਹੀ ਨਹੀਂ, ਇਸ ਨਾਲ ਸਿੱਧਾ ਦਵੈਖ-ਭਾਵ ਵਾਲਾ ਵਰਤਾਰਾ ਕਰਦੀ ਹੈ, ਵਰਨਾ ਜੋ ਸਥਾਨ ਪ੍ਰਾਪਤ ਕਰਨ ਵਿਚ ਕਿਸੇ ਵੇਲੇ ਪੰਜਾਬੀ ਸਫ਼ਲ ਹੋ ਗਈ ਸੀ, ਉਸ ਨੂੰ ਖੋਹਣ ਲਈ ਆਪਣਾ ਸਾਰਾ ਤਾਣ ਕਿਉਂ ਲਾ ਰਹੀ ਹੈ ? ਆਖ਼ਰ, ਇਸ ਵੇਲੇ, ਸੁਪਰਡੰਟ ਤੋਂ ਉਪਰਲੀ ਪੱਧਰ ਦਾ ਤਕਰੀਬਨ ਹਰ ਅਫ਼ਸਰ, ਪੰਜਾਬੀ ਦੀ ਥਾਂ ਅੰਗਰੇਜ਼ੀ ਕਿਸ ਦੀ ਆਗਿਆ ਨਾਲ ਵਰਤ ਰਿਹਾ ਹੈ ? ਹੇਠ-ਦੱਸੀਆਂ ਗਸ਼ਤੀ ਚਿੱਠੀਆਂ ਜਾਂ ਯਾਦ-ਪੱਤਰ, ਜੋ ਮਹਿਲ ਵਿਚ ਦਾਣੇ-ਮਾਤਰ ਹਨ, ਤਕਨੀਕੀ ਵਿਸ਼ਿਆਂ ਨਾਲ ਸੰਬੰਧਿਤ ਨਹੀਂ ਹਨ, ਫੇਰ ਵੀ ਅੰਗਰੇਜ਼ੀ ਵਿਚ ਜਾਰੀ ਕੀਤੇ ਗਏ ਹਨ। ਕੀ ਪੰਜਾਬ ਸਰਕਾਰ ਸਪਸ਼ਟੀਕਰਨ ਦੇ ਸਕਦੀ ਹੈ ਕਿ ਇਹ ਚਿੱਠੀਆਂ ਕਿਸ ਮਜਬੂਰੀ ਹੇਠ ਅੰਗਰੇਜ਼ੀ ਵਿਚ ਲਿਖੀਆਂ ਗਈਆਂ ?

(1) Department of Welfare of Scheduled Castes & Backward Classes, No. 1938-71-4-78/9077 Dated 31.3.78, Subject : Use of Word Harijan in State Govt. Correspondence. (2) Finance Department, No. 12/37/78-FR (3)-79/7713 Dated 10.12.79, Subject : Incentive Bonus Scheme for Subscribers to Provident Fund. (3) Department of Health and Family Welfare, No. 7023-5H BV-79 Dated 19 Dec.

1979, Subject : Reimbursement of Medical Charges. (4) Chief Secretary to Government, Punjab, No. 16/16 79-3PP/781 Dated 15.1 80. Subject : Grant of leave to the Employees retired under the Punjab Civil Services (Preventive Retirement) Rule, 1975. (5) Chief Secretary to Government, Punjab, No. 20/4/79 Dated 19.2.80. Subject : Relationship between the Deputy Commissioner's and the Departmental officials in the Districts, (6) Department of Education, Memo No. 1182-8 Ed. 1-3586 Dated 22.3.80. Subject : Regulating the entry of visitors to the Directors and Secretariat offices of the Education Department. (ਇਸ ਦੇ ਨਾਲ ਲੱਗਾ ਹੋਇਆ ਨਮੂਨੇ ਦਾ ਫ਼ਾਰਮ ਵੀ, ਜਿਸ ਵਿਚ ਮਿਲਣ ਵਾਲੇ ਦੇ ਨਾਂ, ਪਤੇ ਆਦਿ ਦਾ ਵੇਰਵਾ ਹੈ, ਅੰਗਰੇਜ਼ੀ ਵਿਚ ਹੈ)

(7) Department of General Administration Parliamentary Affairs Branch, No. 7/11/78/PA-78/2227 Dated 28th March, 1980—Subject :—Instructions Regarding proper courtesies and regard to the members of Parliament. (8) Department of Personnel, Personnel Policies Branch No. 13/29/79-2PP/3707 Subject :—Collection of funds by Government employees prohibition of (9) Department of Tourism and Cultural Affairs No. 15 (17)—79—338/867 Dated 8.4.80 Subject :—Filling of the Post of Additional Director, Cultural Affairs, Archaeology and Museums. (10) Director, Sports Memo No. Sports—DA—4—80/7830-41 Dated 2 5.80 (ਇਸ ਚਿੱਠੀ ਦੀ ਫੋਟੋ-ਕਾਪੀ 10.5.80 ਦੇ ਟ੍ਰਿਬਿਊਨ ਵਿਚ ਛਪੀ ਸੀ)

ਇਹ ਸੂਚੀ ਅਮੁਕ ਹੈ ਤੇ ਭਾਸ਼ਾ ਵਿਭਾਗ ਤੋਂ ਛੁੱਟ ਸ਼ਾਇਦ ਹੀ ਕੋਈ ਹੋਰ ਵਿਭਾਗ ਹੋਵੇ, ਜਿਸ ਨੇ ਗਵਰਨਰੀ ਰਾਜ ਵਿਚ, ਪੰਜਾਬ ਰਾਜ-ਭਾਸ਼ਾ ਐਕਟ ਨੂੰ ਪੈਰਾਂ ਥੱਲੇ ਨਾ ਰੋਲਿਆ ਹੋਵੇ। ਹੋਰ ਤਾਂ ਹੋਰ, ਜਦੋਂ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਗਵਰਨਰ ਸਾਹਿਬ ਨੂੰ ਪੰਜਾਬੀ ਵਿਚ ਚਿੱਠੀ ਲਿਖੀ ਗਈ ਕਿ ਤੁਹਾਡੇ ਰਾਜ ਵਿਚ ਪੰਜਾਬੀ ਦੀ ਥਾਂ ਅੰਗਰੇਜ਼ੀ ਦੀ ਵਰਤੋਂ ਰਾਹੀਂ ਪੰਜਾਬ ਰਾਜ-ਭਾਸ਼ਾ ਐਕਟ 1967 ਦੇ ਹੋ ਰਹੇ ਉਲੰਘਣ ਦੀ ਸ਼ਿਕਾਇਤ ਕਰਨ ਲਈ ਸਭਾ ਦੇ ਪ੍ਰਤੀਨਿਧ ਆਪ ਨੂੰ ਮਿਲਣਾ ਚਾਹੁੰਦੇ ਹਨ ਤਾਂ ਗਵਰਨਰ ਸਾਹਿਬ ਵਲੋਂ ਇਸ ਦਾ ਉਤਰ ਅੰਗਰੇਜ਼ੀ ਵਿਚ ਪ੍ਰਾਪਤ ਹੋਇਆ!

IV ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਕਾਨੂੰਨ ਬਣਾਉਣ ਵਾਲੀ ਤੇ ਆਪਣੇ ਕਾਨੂੰਨਾਂ ਨੂੰ ਟੁੱਟਣ ਤੋਂ ਬਚਾਉਣ ਵਾਲੀ ਸਰਕਾਰ ਦਾ ਆਪਣਾ ਹੀ ਰੁੱਖ ਪੰਜਾਬੀ ਬਾਰੇ ਆਪਣੇ ਕਾਨੂੰਨ ਨੂੰ ਭੰਗ ਕਰਨ ਵੱਲ ਹੋ ਜਾਵੇ ਤਾਂ ਪੰਜਾਬੀ ਸਭਾਵਾਂ, ਪੰਜਾਬੀ-ਹਿਤੈਸ਼ੀ ਲੋਕ ਤੇ ਪੰਜਾਬੀ ਦਾ ਹਿੱਤ ਪੂਰਨ ਵਾਲੀਆਂ ਪਾਰਟੀਆਂ ਕੀ ਕਰਨ ? ਕੇਂਦਰੀ ਪੰਜਾਬੀ ਲੇਖਕ ਸਭਾ ਨੇ ਇਹ ਮਸਲਾ ਆਪਣੇ ਹੱਥ ਵਿਚ ਲਿਆ ਹੋਇਆ ਹੈ। ਇਸ ਸੰਬੰਧ ਵਿਚ ਗਵਰਨਰ ਸਾਹਿਬ ਨੂੰ ਇਕ ਮੇਜਰ ਨਾਮਾ ਪੇਸ਼ ਕੀਤਾ ਜਾ ਚੁਕਾ ਹੈ। ਗਵਰਨਰੀ-ਰਾਜ ਉਪਰੰਤ ਬਣਨ ਵਾਲੀ ਸਰਕਾਰ ਨਾਲ ਵੀ ਗੱਲ-ਬਾਤ ਕੀਤੀ ਜਾਵੇਗੀ। ਆਸ ਹੈ ਸਭਾ ਨਵੀਂ ਸਰਕਾਰ ਦੇ ਮੁੱਖੀਆਂ ਨੂੰ ਪੰਜਾਬੀ ਦਾ ਹੱਕ ਦਿਵਾਉਣ ਲਈ ਪ੍ਰੇਰਨਾ ਵਿਚ ਸਫਲ ਹੋਵੇਗੀ ਵੈਸੇ, ਸਭਾ ਨੂੰ ਕੋਈ ਭੁਲੇਖਾ ਨਹੀਂ ਕਿ ਜਿਸ ਨੌਕਰਸ਼ਾਹੀ ਨੂੰ ਕਈ ਵਰ੍ਹਿਆਂ ਤੋਂ ਖੁੱਲਮ ਖੁਲ੍ਹਾ ਬੇਮੁਖਤਾ ਦੀ ਆਦਤ ਪੈ ਚੁਕੀ ਹੈ, ਉਹ ਤਗੜੇ-ਹੱਥੀਂ ਹੀ ਸਿੱਧੇ ਰਸਤੇ ਉਤੇ ਆਵੇਗੀ। ਸਰਕਾਰ ਵਿਚ ਤਗੜੇ ਹੱਥਾਂ ਵਾਲਾ ਕੋਈ ਮਰਦ ਨਿਤਰੇਗਾ ਕਿ ਨਹੀਂ, ਇਹ ਤਾਂ ਸਮਾਂ ਹੀ ਦਸੇਗਾ, ਪਰ ਸਭਾ ਉਨੀ ਦੇਰ ਸੰਘਰਸ਼ ਕਰਦੀ ਰਹੇਗੀ, ਜਿੰਨੀ ਦੇਰ ਰਾਜ-ਪ੍ਰਬੰਧ ਵਿਚ ਪੰਜਾਬੀ ਦਾ ਖੁੰਸਿਆ ਸਥਾਨ ਉਸ ਨੂੰ ਮੁੜ ਕੇ ਮਿਲ ਨਹੀਂ ਜਾਂਦਾ ਤੇ ਜਿੱਥੇ ਜਿੱਥੇ ਅਜੇ ਉਸ ਨੂੰ ਮਾਧਿਅਮ ਵਜੋਂ ਮਾਨਤਾ ਨਹੀਂ ਮਿਲੀ, ਉਥੇ ਉਥੇ ਇਸ ਦਾ ਪ੍ਰਵੇਸ਼ ਨਹੀਂ ਹੋ ਜਾਂਦਾ। ⊙

ਰਾਮ ਸਰੂਪ ਅਣਖੀ

# ਮੁੱਲ

[ਰਾਮ ਸਰੂਪ ਅਣਖੀ ਪੰਜਾਬੀ ਦਾ ਇਕ ਅਜਿਹਾ ਕਹਾਣੀਕਾਰ-ਨਾਵਲਕਾਰ ਹੈ, ਜੀਹਨੇ ਸਾਹਿਤ ਵਿਚ ਆਪਣਾ ਸਥਾਨ ਬਣਾਉਣ ਦਾ ਜਤਨ ਨਾ ਤਾਂ ਆਲੋਚਕਾਂ ਦੇ ਮੋਢਿਆਂ ਉਤੇ ਚੜ੍ਹ ਕੇ ਕੀਤਾ ਹੈ ਅਤੇ ਨਾ ਹੀ ਕੋਈ ਪਰਪੰਚ ਰਚ ਕੇ। ਉਹਦੀ ਸਾਹਿਤਕ ਖੱਟੀ ਨਿਰੋਲ ਉਹਦੀ ਸਾਧਨਾ ਉਤੇ ਆਧਾਰਤ ਹੈ। ਮਾਤਰਾ ਦੇ ਪੱਖੋਂ ਵੀ ਅਤੇ ਗੁਣਤਾ ਦੇ ਪੱਖੋਂ ਵੀ ਉਹਦੀ ਦੇਣ ਕਦਰਜੋਗ ਹੈ।

ਅਣਖੀ ਦੀ ਕਹਾਣੀ ਦਾ ਵਿਆਪਕ ਗੁਣ ਉਹਦਾ ਕਹਾਣੀ-ਰਸ ਹੁੰਦਾ ਹੈ। ਨਵੀਂ ਕਹਾਣੀ, ਅਕਹਾਣੀ, ਕਹਾਣੀ-ਰਹਿਤ ਕਹਾਣੀ, ਨਾਇਕ-ਰਹਿਤ ਕਹਾਣੀ ਆਦਿ ਦੇ ਨਾਵਾਂ ਹੇਠ ਕੀਤੀਆਂ ਜਾ ਰਹੀਆਂ ਊਲਜਲੂਲ ਰਚਨਾਵਾਂ ਦਾ ਰਾਹ ਅਣਖੀ ਨੇ ਸਿਦਕ-ਦਿਲੀ ਨਾਲ ਤਿਆਗ ਰਖਿਆ ਹੈ। ਉਹਦਾ ਕਹਿਣਾ ਹੈ ਕਿ ਜਿਸ ਕਹਾਣੀ ਵਿਚ ਕਹਾਣੀ ਹੀ ਨਹੀਂ, ਉਹ ਕਹਾਣੀ ਕਾਹਦੀ ?

ਪਿਛੇ ਜਿਹੇ ਦਿੱਲੀ ਦੇ ਜਾਮੀਆ ਮਿਲੀਆ ਇਸਲਾਮੀਆ ਵਿਚ ਹੋਈ "ਹਿੰਦ-ਪਾਕ ਕਹਾਣੀ ਗੋਸ਼ਟੀ" ਵਿਚ ਹਿੱਸਾ ਲੈਣ ਲਈ ਆਏ ਪਾਕਿਸਤਾਨ ਦੇ ਪਰਸਿੱਧ ਕਹਾਣੀਕਾਰ ਇੰਤਜ਼ਾਰ ਹੁਸੈਨ ਨੇ ਕਿਹਾ ਸੀ ਕਿ "ਅੱਜ ਲੋੜ ਇਸ ਗੱਲ ਦੀ ਹੈ ਕਿ ਕਹਾਣੀ ਲਈ 'ਕਥਾ' ਅਤੇ 'ਦਾਸਤਾਨ' ਦੀ ਸ਼ੈਲੀ ਸੁਰਜੀਤ ਕੀਤੀ ਜਾਵੇ, ਕਿਉਂਕਿ ਸਾਡੀ ਤਹਿਜ਼ੀਬ ਦੀ ਬੁਨਿਆਦ ਵਿਚ ਦੇਵਮਾਲਾਵਾਂ, ਜਾਤਕ ਕਥਾਵਾਂ ਨੇ ਬੜੀ ਅਹਿਮ ਭੂਮਿਕਾ ਨਿਭਾਈ ਹੈ। ਅੱਜ ਦੀਆਂ ਸਮੱਸਿਆਵਾਂ ਦਾ ਹੱਲ ਸਾਨੂੰ ਉਥੇ ਹੀ ਲੱਭਣਾ ਚਾਹੀਦਾ ਹੈ।"

ਅਣਖੀ ਦੀ ਇਹ ਕਹਾਣੀ ਉਹਦੀ ਸ਼ੈਲੀ ਦੀ ਇਕ ਵਧੀਆ ਉਦਾਹਰਨ ਹੈ। ਇਸ ਕਹਾਣੀ ਵਿਚ ਅਣਖੀ ਨੇ ਮਨੁੱਖੀ ਰਿਸ਼ਤਿਆਂ ਦੇ ਪੁਰਾਣੇ ਮੁੱਲਾਂ ਦਾ ਟੁੱਟਣਾ ਅਤੇ ਨਵੇਂ ਅ-ਮੁੱਲਾਂ ਦਾ ਸਥਾਪਤ ਹੋਣਾ ਦਰਸਾਇਆ ਹੈ। ਇਸ ਨਿਘਾਰ ਦੀ ਹੱਦ ਉਦੋਂ ਹੁੰਦੀ ਹੈ ਜਦੋਂ ਇਕ ਆਦਮੀ ਦੂਜੇ ਦੇ, ਜੋ ਉਹਦੀ ਭੈਣ ਦਾ ਸੁਹਾਗ ਬਣਨ ਵਾਲਾ ਹੈ, ਕਤਲ ਦੀ ਵਿਉਂਤ ਬਣਾਉਂਦਿਆਂ ਇਹ ਸੋਚਦਾ ਹੈ ਕਿ "ਕੁੜੀ ਦਾ ਕੀਹ ਐ, ਕਿਸੇ ਹੋਰ ਥਾਂ ਮੰਗ ਦਿਆਂਗੇ। ਸੱਠ ਹਜ਼ਾਰ ਕਿਤੇ ਨ੍ਹੀਂ ਬਣਦਾ!" ਮਨੁੱਖੀ ਭਾਵਨਾਵਾਂ ਉਤੇ ਸਾਡੇ ਸਮਾਜ ਵਿਚ ਪੈਸੇ ਵਲੋਂ ਪਾਈ ਗਈ ਕਾਠੀ ਦੀ ਤ੍ਰਾਸਦੀ ਨੂੰ ਇਹ ਕਹਾਣੀ ਬੜੇ ਤਿੱਖੇ ਰੂਪ ਵਿਚ ਉਜਾਗਰ ਕਰਦੀ ਹੈ। —ਪਾਰਖੂ]

**ਚਮੜੇ** ਦੇ ਨਿੱਕੇ ਬੈਗ ਨੂੰ ਬੜੇ ਧਿਆਨ ਨਾਲ ਉਹਨੇ ਆਪਣੇ ਪੱਟਾਂ ਉਤੇ ਰੱਖਿਆ ਹੋਇਆ ਸੀ। ਬੈਗ ਦੀ ਬੱਧਰੀ ਪੋਂਚੇ ਵਿਚ ਪਾ ਕੇ ਹੱਥ ਨਾਲ ਉਹਨੂੰ ਘੁੱਟ ਕੇ ਫੜ ਲਿਆ ਸੀ। ਬੱਸ ਸਵਾਰੀਆਂ ਨਾਲ ਤੂੜੀ ਦੇ ਕੋਠੇ ਵਾਂਗ ਭਰੀ ਹੋਈ ਸੀ। ਆਖਰੀ ਬੱਸ ਸੀ। ਸੀਟਾਂ ਵਿਚਕਾਰ ਬੰਦੇ ਇਕ ਦੂਜੇ ਉਤੇ ਚੜ੍ਹੇ ਹੋਏ ਖੜ੍ਹੇ ਸਨ। ਹਰ ਕੋਈ ਦੂਜੇ ਨੂੰ ਦੋਸ਼ ਦੇ ਰਿਹਾ ਸੀ। ਕੋਈ ਉੱਚਾ

ਬੋਲਦਾ ਤਾਂ ਤੀਜੀ ਥਾਂ ਖੜ੍ਹਾ ਬੰਦਾ ਠੰਢਾ ਛਿੜਕਦਾ—''ਓਏ ਖੜ੍ਹਾ ਰਹਿ ਭਾਈ, ਏਵੇਂ ਜਿਵੇਂ ਨਰਬਾਹ ਈ ਕਰ ਲੈਣੈ ਨਾ।'' ਇਕ ਲੱਤ ਦੇ ਭਾਰ ਕੋਈ ਬਹੁਤ ਤੰਗ ਖੜ੍ਹਾ ਬੁੜ੍ਹਕ ਪੈਂਦਾ—''ਤੂੰ ਕੀ ਡੂਢਾ ਦਿੱਤਾ ਵਿਐ।'' ਅੰਦਰ ਭਾਵੇਂ ਤਿਲ ਸੁੱਟਣ ਲਈ ਥਾਂ ਨਹੀਂ ਸੀ, ਫੇਰ ਵੀ ਹੋਰ ਸਵਾਰੀਆਂ ਚੜ੍ਹਦੀਆਂ ਆ ਰਹੀਆਂ ਸਨ। ਬੱਸ ਚੱਲਣ ਵਿਚ ਅਜੇ ਦਸ ਮਿੰਟ ਬਾਕੀ ਸਨ। ਦਸ ਮਿੰਟ ਦਸ ਘੰਟਿਆਂ ਵਰਗੇ। ਸ਼ੁਕਰ ਸੀ ਕਿ ਉਹ ਅੱਡੇ ਵਿਚ ਬੱਸ ਦੇ ਆਉਂਦਿਆਂ ਹੀ ਡਰਾਈਵਰ ਵਾਲੀ ਬਾਰੀ ਵਿਚ ਦੀ ਧੁੱਸ ਦੇ ਕੇ ਚੜ੍ਹ ਆਇਆ ਸੀ ਤੇ ਇਹ ਸੀਟ ਲੈ ਲਈ ਸੀ, ਨਹੀਂ ਤਾਂ ਉਹਨੂੰ ਵੀ ਦੂਜਿਆਂ ਵਾਂਗ ਖੜ੍ਹਨਾ ਪੈਂਦਾ ਤੇ ਵੱਖੀਆਂ ਭੰਨਾਉਣੀਆਂ ਪੈਂਦੀਆਂ। ਉਹਦਾ ਧਿਆਨ ਭੀੜ ਵਲੋਂ ਹਟਕੇ ਝੱਟ ਪੱਟਾਂ ਵਿਚਕਾਰ ਰੱਖੇ ਆਪਣੇ ਨਿੱਕੇ ਬੈਗ ਉੱਤੇ ਆ ਟਿਕਦਾ ਤੇ ਉਹ ਬੈਗ ਦੀ ਬੱਧਰੀ ਨੂੰ ਹੋਰ ਘੁੱਟ ਕੇ ਫੜ ਲੈਂਦਾ। ਉਹ ਖਿੜਕੀ ਵਿਚ ਦੀ ਬਾਹਰ ਖੜ੍ਹੇ ਲੋਕਾਂ ਨੂੰ ਦੇਖਣ ਲਗਦਾ ਤਾਂ ਦੋ ਬੰਦੇ ਉਹਨੂੰ ਲਗਾਤਾਰ ਘੂਰ ਘੂਰ ਤਾੜ ਰਹੇ ਹੁੰਦੇ। ਉਹ ਸੋਚਦਾ, ਉਹ ਕਿਉਂ ਝਾਕ ਰਹੇ ਹਨ ਇਸ ਤਰ੍ਹਾਂ ਉਹਦੇ ਵਲ ? ਉਹ ਤਾਂ ਉਨ੍ਹਾਂ ਨੂੰ ਜਾਣਦਾ ਹੀ ਨਹੀਂ ਸੀ। ਉਹਨੇ ਤਾਂ ਉਨ੍ਹਾਂ ਨੂੰ ਪਹਿਲਾਂ ਕਦੇ ਦੇਖਿਆ ਹੀ ਨਹੀਂ ਸੀ। ਤੇ ਫੇਰ ਇਕਦਮ ਉਸ ਦੇ ਯਾਦ ਆਇਆ ਕਿ ਜਦ ਉਹ 'ਜਨਤਾ ਟਰੈਕਟਰਜ਼' ਵਾਲਿਆਂ ਦੇ ਦਫ਼ਤਰ ਵਿਚ ਬੈਠਾ ਸੀ ਤਾਂ ਉਹ ਉਥੇ ਆਏ ਸਨ। ਉਨ੍ਹਾਂ ਨੇ ਮਾਲਕ ਨਾਲ ਨਵਾਂ ਟਰੈਕਟਰ ਖ਼ਰੀਦਣ ਬਾਰੇ ਗੱਲਾਂ ਕੀਤੀਆਂ ਸਨ। ਮਾਲਕ ਨੇ ਦੱਸਿਆ ਸੀ ਕਿ ਚਾਰ ਟਰੈਕਟਰ ਅੱਜ ਆਉਣ ਵਾਲੇ ਹਨ। ਜਿਨ੍ਹਾਂ ਨੇ ਬਿਆਨਾ ਫੜਾਇਆ ਹੋਇਆ ਹੈ, ਉਹ ਚਾਰੇ ਟਰੈਕਟਰ ਉਨ੍ਹਾਂ ਨੂੰ ਹੀ ਦਿੱਤੇ ਜਾਣਗੇ। ਉਹ ਅਪਣਾ ਬਿਆਨਾ ਅੱਜ ਫੜਾ ਜਾਣ ਤਾਂ ਅਗਲੀ ਵਾਰੀ ਨੂੰ ਉਨ੍ਹਾਂ ਨੂੰ ਟਰੈਕਟਰ ਮਿਲ ਜਾਵੇਗਾ। ਮਾਲਕ ਨੇ ਉਹਦੇ ਵਲ ਇਸ਼ਾਰਾ ਕਰ ਕੇ ਤੇ ਜ਼ਰਾ ਮੁਸਕਰਾ ਕੇ ਦੱਸਿਆ ਸੀ—''ਇਹ ਦੇਖੋ, ਕਾਕਾ ਜੀ ਰਕਮ ਵੀ ਲਈਂ ਬੈਠੇ ਨੇ ਤੇ ਟਰੈਕਟਰ ਉਡੀਕ ਰਹੇ ਨੇ। ਪਰ ਟਰੈਕਟਰ ਚੱਲੇ ਹੋਏ ਤਾਂ ਸਵੇਰ ਦੇ ਨੇ। ਪਹੁੰਚੇ ਈ ਨ੍ਹੀ। ਪਤਾ ਨ੍ਹੀ ਰਸਤੇ 'ਚ ਕੀ ਹੋ ਗਿਆ। ਕਿਤੇ ਕੋਈ ਐਕਸੀਡੈਂਟ ਈ ਨਾ ਹੋ ਗਿਆ ਹੋਵੇ।'' ਰਕਮ ਦਾ ਨਾਉਂ ਲੈਣ 'ਤੇ ਉਹ ਦੋਵੇਂ ਉਹਦੇ ਵਲ ਇਕ ਬਿੰਦ ਗਹੁ ਨਾਲ ਝਾਕੇ ਸਨ। ਸਿਰ ਜਿਹਾ ਹਿਲਾਇਆ ਸੀ। ਬੋਲੇ ਕੁਝ ਨਹੀਂ ਸਨ। ਉਸੇ ਵੇਲੇ ਉਹ ਉਥੋਂ ਉੱਠ ਖੜ੍ਹੇ ਸਨ। ਤੇ ਚਲੇ ਗਏ ਸਨ। ਹਾਂ, ਇਹ ਉਹੀ ਸਨ। ਪਰ ਇਹ ਉਹਦੇ ਵਲ ਇੰਜ ਸ਼ੱਕ ਭਰੀਆਂ ਨਿਗਾਹਾਂ ਨਾਲ ਕਿਉਂ ਦੇਖ ਰਹੇ ਹਨ ? ਇਨ੍ਹਾਂ ਦੀਆਂ ਅੱਖਾਂ ਵਿਚ ਭੇਤ ਜਿਹਾ ਕਿਉਂ ਹੈ ? ਉਹ ਸਮਝ ਨਾ ਸਕਿਆ।

ਦਸ ਮਿੰਟ ਲੰਘੇ ਤਾਂ ਲੋਕਾਂ ਵਿਚ ਗੱਲਾਂ ਹੋਣ ਲੱਗੀਆਂ—''ਟੈਮ ਤਾਂ ਭਾਈ ਹੋ ਗਿਆ, ਤੋਰੋ ਹੁਣ।''

ਕੋਈ ਕਹਿ ਰਿਹਾ ਸੀ—ਦਾਰੂ ਦੂਰੂ ਪੀ ਕੇ ਚੱਲਣਗੇ। ਨਸ਼ਾ-ਪਾਣੀ ਕਰਕੇ। ਇਓਂ ਕਿਵੇਂ ਪੈਰ ਪਟਦੇ ਨੇ ਏਹੇ।''

ਕੋਈ ਹੋਰ ਉੱਚੀ ਆਵਾਜ਼ ਵਿਚ ਬੋਲਿਆ—''ਆਖ਼ਰੀ ਬੱਸ ਐ, ਜਿੰਨੀਂ ਮਰਜ਼ੀ ਭਰ ਲੈਣ, ਇਨ੍ਹਾਂ ਦੇ ਫ਼ੈਦੇ 'ਚ ਈ ਐ। ਕਿਹੜਾ ਟਿਕਟ ਕੱਟਣੈ ਕਿਸੇ ਦਾ। ਪੈਸੇ ਫੜ ਫੜ ਝੋਲੇ 'ਚ ਸਿੱਟੀਂ ਜਾਣਗੇ। ਮਾਲਕਾਂ ਨੂੰ ਕੁਸ ਨੀ ਸਮਝਦੇ ਏਹੇ।''

''ਪਰ ਤੋਰਨ ਤਾਂ ਸਹੀ। ਆਪਾਂ ਨੂੰ ਕੀ, ਟਿਕਟ ਕੱਟਣ, ਨਾ ਕੱਟਣ।'' ਇਕ ਬਜ਼ੁਰਗ



ਹੋਲੀ ਦੇ ਕੇ ਬੋਲਿਆ।

ਇਕ ਤੀਵੀਂ ਨੇ ਕੋਲ ਦੀ ਲੰਘੇ ਜਾਂਦੇ ਡਰਾਈਵਰ ਨੂੰ ਬੋਲ ਮਾਰਿਆ—''ਵੇ ਭਾਈ, ਹੱਕ ਲੈ ਹੁਣ ਮਾਂ ਮੇਰੀ ਨੂੰ। ਜਵਾਕ ਤਾਂ ਅਕਲਕਾਣ ਹੋਇਆ ਪਿਐ ਮੇਰਾ। ਤੋਰੇਂਗਾ ਤਾਂ ਚੁੱਪ ਕਰੂ।''

ਐਨੇ ਨੂੰ ਕੰਡਕਟਰ ਨੇ ਸੀਟੀ ਵਜਾਈ। ਡਰਾਈਵਰ ਸਟੇਅਰਿੰਗ ਉਤੇ ਆ ਬੈਠਾ। ਉਹਨੇ ਦੇਖਿਆ, ਬਾਹਰ ਖੜ੍ਹੇ ਦੋਵੇਂ ਬੰਦੇ ਪਿਛਲੀ ਬਾਰੀ ਵਲ ਅਹੁਲੇ ਤੇ ਚਲਦੀ ਬੱਸ ਨਾਲ ਲਟਕ ਗਏ।

ਪਹਿਲੇ ਅੱਡੇ ਉਤੇ ਬੱਸ ਰੁਕੀ ਤਾਂ ਉਥੇ ਚੌਦਾਂ ਪੰਦਰਾਂ ਸਵਾਰੀਆਂ ਉੱਤਰ ਗਈਆਂ। ਖੜ੍ਹੇ ਬੰਦਿਆਂ ਨੂੰ ਸਾਹ ਜਿਹਾ ਆ ਗਿਆ। ਉਹ ਦੋਵੇਂ ਬੰਦੇ ਰਾਹ ਜਿਹਾ ਬਣਾਉਂਦੇ ਉਹਦੀ ਸੀਟ ਕੋਲ ਆ ਖੜ੍ਹੇ। ਉਹਨੇ ਦੇਖਿਆ, ਉਹ ਬਿੰਦੇ-ਝੱਟੇ ਉਹਦੇ ਬੈਗ ਵਲ ਕਣੱਖਾ ਜਿਹਾ ਝਾਕ ਜਾਂਦੇ ਸਨ।

ਕੰਡਕਟਰ ਨੇ ਸਭ ਦੇ ਟਿਕਟ ਕੱਟੇ। ਦੂਰ ਦੀਆਂ ਸਵਾਰੀਆਂ ਦੇ ਉਹ ਹੁਣ ਟਿਕਟ ਕੱਟ ਰਿਹਾ ਸੀ। ਉਹਨੇ ਅਪਣਾ ਟਿਕਟ ਖਾਨਪੁਰ ਦਾ ਕਟਵਾਇਆ ਤਾਂ ਉਹਦੇ ਸਿਰ ਉਤੇ ਖੜ੍ਹੇ ਦੋਵੇਂ ਬੰਦੇ ਖਿਛਾਂਹ ਹਟ ਗਏ ਤੇ ਦੂਜੀਆ ਸਵਾਰੀਆਂ ਵਿਚ ਥਾਂ ਬਣਾ ਕੇ ਬੈਠ ਗਏ। ਉਹਨੇ ਪਿਛਾਂਹ ਮੁੜ ਕੇ ਦੇਖਿਆ, ਉਨ੍ਹਾਂ ਨੇ ਵੀ ਖਾਨਪੁਰ ਦੇ ਟਿਕਟ ਹੀ ਕਟਵਾਏ ਸਨ। ਉਹਨੇ ਇਹ ਵੀ ਦੇਖਿਆ, ਖਾਨਪੁਰ ਦੀ ਹੋਰ ਸਵਾਰੀ ਕੋਈ ਨਹੀਂ ਸੀ। ਹੁੰਦੀ ਤਾਂ ਖਾਨਪੁਰ ਦਾ ਨਾਉਂ ਲੈ ਕੇ ਟਿਕਟ ਨਾ ਕਟਵਾਉਂਦੀ।

ਖਾਨਪੁਰ ਦੇ ਬੱਸ-ਅੱਡੇ ਤੋਂ ਖਾਨਪੁਰ ਅੱਧ ਮੀਲ ਉਤੇ ਸੀ। ਜਦੋਂ ਨੂੰ ਬੱਸ ਉਥੇ ਪਹੁੰਚਣੀ ਸੀ, ਕਾਫੀ ਹਨੇਰਾ ਹੋ ਜਾਣਾ ਸੀ। ਉਹਦੇ ਬੈਗ ਵਿਚ ਸੱਠ ਹਜ਼ਾਰ ਰੁਪਏ ਦੇ ਨੋਟ ਸਨ। ਅੱਧ ਮੀਲ ਵਿਚ ਤਾਂ ਭਾਵੇਂ ਉਹਨੂੰ ਕੋਈ ਟੁਕੜੇ ਟੁਕੜੇ ਕਰ ਕੇ ਸੁੱਟ ਜਾਵੇ। ਕੌਣ ਪੁੱਛੇਗਾ ਫੇਰ ? ਉਹਦੇ ਮਨ ਵਿਚ ਇਹ ਗੱਲ ਪੱਕੀ ਬੈਠ ਗਈ ਕਿ ਉਹ ਦੋਵੇਂ ਬੰਦੇ ਉਹਦੇ ਮਗਰ ਲੱਗੇ ਹੋਏ ਹਨ। ਖਾਨਪੁਰ ਦੇ ਰਾਹ ਵਿਚ ਉਹ ਉਹਨੂੰ ਛੱਡਣਗੇ ਨਹੀਂ।

ਉਹ 'ਜਨਤਾ ਟਰੈਕਟਰਜ਼' ਦੇ ਮਾਲਕ ਨੂੰ ਮਨ ਵਿਚ ਗਾਲ੍ਹਾਂ ਕੱਢਣ ਲਗਦਾ—''ਕੰਜਰ ਦੇ ਕਰਿਆੜ ਨੇ ਕੌਣ ਕੀਤੀ ਮੇਰੇ ਨਾਲ ? ਬੰਦਾ ਭੇਜ ਕੇ ਰਕਮ ਕਾਹਨੂੰ ਮੰਗਵੌਣੀ ਸੀ। ਟਰੈਕਟਰ ਤਾਂ ਆਏ ਨ੍ਹੀ, ਬੰਦਾ ਪਹਿਲਾਂ ਈ ਡੱਕਰ ਤਾ ਕੁੱਤੀ-ਜਾਤ ਨੇ।''

ਟਰੈਕਟਰ-ਡੀਲਰ ਦਾ ਕਸੂਰ ਵੀ ਨਹੀਂ ਸੀ। ਫੋਨ ਆਇਆ ਸੀ। ਟਰੈਕਟਰ ਸਵੇਰ ਦੇ ਚੱਲੇ ਹੋਏ ਸਨ, ਦੁਪਹਿਰ ਤੱਕ ਉਨ੍ਹਾਂ ਨੇ ਪਹੁੰਚ ਜਾਣਾ ਸੀ। ਏਸੇ ਕਰਕੇ ਤਾਂ ਉਹਨੇ ਚਾਰੇ ਥਾਈਂ ਬੰਦਾ ਭੇਜਿਆ ਸੀ ਕਿ ਰਕਮ ਲੈ ਆਓ ਤੇ ਆਪਣੇ ਆਪਣੇ ਟਰੈਕਟਰ ਲੈ ਜਾਓ। ਰਸਤੇ ਵਿਚ ਜ਼ਰੂਰ ਕੋਈ ਦੁਰਘਟਨਾ ਵਾਪਰ ਗਈ ਹੋਵੇਗੀ।

ਸੁਰਜੀਤ ਨੇ ਪੰਜ ਵਜੇ ਤੱਕ ਟਰੈਕਟਰਾਂ ਦੀ ਉਡੀਕ ਕੀਤੀ। ਬਾਕੀ ਤਿੰਨ ਗਾਹਕ ਤਾਂ ਆਏ ਹੀ ਨਹੀਂ ਸਨ। ਰਕਮ ਤਿਆਰ ਨਹੀਂ ਕਰ ਸਕੇ ਹੋਣਗੇ। ਜਾਂ ਸ਼ਾਇਦ ਉਂਜ ਹੀ ਨਾ ਆਏ ਹੋਣ। ਕੋਈ ਸਿਆਣਪ ਸੋਚ ਲਈ ਹੋਵੇਗੀ। ਉਹਨੇ ਆਪਣੇ ਉੱਤੇ ਲਾਹਣਤਾਂ ਪਾਈਆਂ ਕਿ ਉਹ ਕਿਉਂ ਆਇਆ ਐਨੀ ਰਕਮ ਲੈ ਕੇ।

ਉਹ ਬੱਸ-ਅੱਡੇ ਉਤੇ ਆਇਆ। ਉਹਦੇ ਪਿੰਡ ਨੂੰ ਜਾਣ ਵਾਲੀ ਆਖਰੀ ਬੱਸ ਜਾ ਚੁੱਕੀ ਸੀ। ਉਸ ਸ਼ਹਿਰ ਵਿਚ ਉਹਦੀ ਕੋਈ ਠਾਹਰ ਨਹੀਂ ਸੀ। ਮਾੜੀ-ਮੋਟੀ ਸਿਆਣ-ਗਿਆਣ ਸੀ, ਉਹਦੇ ਕੋਲ ਸੱਠ ਹਜ਼ਾਰ ਦੀ ਰਕਮ ਸੀ। ਖ਼ਤਰਾ ਪੂਰਾ ਸੀ। ਉਹਨੇ ਸੋਚਿਆ, ਉਹ ਆਪਣੀ ਮ ਸੀ ਦੇ ਪਿਡ

ਖਾਨਪੁਰ ਚਲਿਆ ਜਾਵੇ । ਦੂਜੇ ਦਿਨ ਮੁੜ ਆਵੇਗਾ । ਹੋ ਸਕਦਾ ਹੈ, ਕੱਲ ਤੱਕ ਟਰੈਕਟਰ ਵੀ ਆ ਜਾਣ । ਖਾਨਪੁਰ ਨੂੰ ਜਾਣ ਵਾਲੀ ਬੱਸ ਤਾਂ ਅਜੇ ਚੱਲਣੀ ਸੀ । ਪਰ ਕੀ ਪਤਾ ਸੀ ਉਹਨੂੰ ਕਿ ਉਸ ਨੇ ਅਪਣੀ ਜਾਨ ਚਮੜੇ ਦੇ ਬੈਗ ਵਿਚ ਬੰਦ ਕਰਕੇ ਅਪਣੀ ਮੁੱਠੀ ਵਿਚ ਰੱਖੀ ਹੋਈ ਹੈ । ਸੱਠ ਹਜ਼ਾਰ ਰੁਪਿਆ ਉਹਦੀ ਜਾਨ ਸੀ ਜਿਸ ਉਤੇ ਦੋ ਖੂੰਖਾਰ ਬਘਿਆੜ ਲੰਬੀਆਂ ਜੀਭਾਂ ਕੱਢੀ ਲਗਾਤਾਰ ਲਪਕ ਰਹੇ ਸਨ ।

ਦੂਜੇ ਅੱਡੇ ਉਤੇ ਬੱਸ ਰੁਕੀ ਤਾਂ ਬਹੁਤ ਸਾਰੀਆਂ ਸਵਾਰੀਆਂ ਉਤਰ ਗਈਆਂ । ਦੋ-ਤਿੰਨ ਸਵਾਰੀਆਂ ਹੀ ਖੜ੍ਹੀਆਂ ਸਨ । ਇਸ ਅੱਡੇ ਉਤੇ ਸ਼ਰਾਬ ਦਾ ਠੇਕਾ ਸੀ । ਸ਼ਰਾਬ ਖਰੀ ਮਿਲ ਜਾਂਦੀ ਸੀ । ਖਾਸ ਕਰਕੇ ਬੱਸਾਂ ਵਾਲਿਆਂ ਨੂੰ ਤਾਂ ਉਹ ਅਣਲੱਗ ਹੀ ਦੇ ਦਿੰਦੇ । ਬੱਸ ਵਾਲੇ ਬੋਤਲ ਲੈਣ ਲਗਦੇ ਤਾਂ ਬੱਸ ਵਿਚ ਬੈਠੀਆਂ ਹੋਰ ਸਵਾਰੀਆਂ ਵੀ ਉੱਤਰ ਜਾਂਦੀਆਂ ਤੇ ਬੋਤਲਾਂ ਖ਼ਰੀਦ ਲੈਂਦੀਆਂ । ਠੇਕੇ ਵਾਲਿਆਂ ਨੂੰ ਕੀ ਮਾੜਾ ਸੀ । ਕੰਡਕਟਰ ਨੂੰ ਉਹ ਇਕ ਬੋਤਲ ਅਣਲੱਗ ਦੇ ਕੇ ਚਾਰ-ਪੰਜ ਬੋਤਲਾਂ ਨਿਰਾ ਪਾਣੀ ਵੇਚ ਲੈਂਦੇ । ਕੰਡਕਟਰ ਤੇ ਡਰਾਈਵਰ ਬੋਤਲ ਲੈਣ ਗਏ ਤਾਂ ਸੁਰਜੀਤ ਵੀ ਉਨ੍ਹਾਂ ਦੇ ਪਿੱਛੇ ਹੀ ਉੱਤਰ ਗਿਆ । ਉਹਦੇ ਮਗਰ ਲੱਗੇ ਆਦਮੀਆਂ ਨੇ ਸੋਚਿਆ ਹੋਵੇਗਾ ਕਿ ਉਹ ਵੀ ਬੋਤਲ ਲੈਣ ਗਿਆ ਹੈ । ਇਸ ਲਈ ਉਹ ਬੱਸ ਵਿਚ ਹੀ ਨੀਵੀਂ ਜਿਹੀ ਪਾ ਕੇ ਬੈਠੇ ਰਹੇ ।

ਡਰਾਈਵਰ ਨੂੰ ਥੋੜਾ ਜਿਹਾ ਪਰ੍ਹੇ ਲਿਜਾ ਕੇ ਸੁਰਜੀਤ ਨੇ ਅਪਣਾ ਦੁੱਖ ਦੱਸਿਆ । ਧੌਲ-ਦਾੜ੍ਹੀਆ ਡਰਾਈਵਰ ਕੋਈ ਭਲਾ ਲੋਕ ਸੀ । ਉਹਨੇ ਸੁਰਜੀਤ ਨੂੰ ਸਲਾਹ ਦਿੱਤੀ ਕਿ ਉਹ ਖਾਨਪੁਰ ਤੋਂ ਪਹਿਲਾਂ ਹੀ ਕਿਸੇ ਅੱਡੇ ਉਤੇ ਉੱਤਰ ਜਾਵੇ । ਉਸ ਅੱਡੇ ਦੀਆਂ ਸਾਰੀਆਂ ਸਵਾਰੀਆਂ ਉਤਰਨ ਤੋਂ ਬਾਅਦ ਉਹ ਇਕਦਮ ਉੱਤਰੇ । ਨਾਲ ਦੀ ਨਾਲ ਉਹ ਬੱਸ ਭਜਾ ਕੇ ਲੈ ਜਾਵੇਗਾ । ਉਹਦੇ ਮਗਰ ਲੱਗੇ ਬੰਦੇ ਮੂੰਹ ਦੇਖਦੇ ਰਹਿ ਜਾਣਗੇ । ਉਹ ਬੱਸ ਨੂੰ ਖੜ੍ਹਾਵੇਗਾ ਨਹੀਂ, ਚਾਹੇ ਕੋਈ ਜ਼ੋਰ ਲਾ ਲਵੇ । ਹੁਣ ਉਹਦੇ ਸਾਹਮਣੇ ਸਵਾਲ ਇਹ ਸੀ ਕਿ ਉਹ ਉੱਤਰੇ ਕਿਹੜੇ ਅੱਡੇ ਉਤੇ ? ਕਿਸ ਦੇ ਘਰ ਜਾਵੇਗਾ ? ਖਾਨਪੁਰ ਤੋਂ ਪਹਿਲਾਂ ਤਿੰਨ ਅੱਡੇ ਹੋਰ ਆਉਣੇ ਸਨ । ਤਿੰਨਾਂ ਅੱਡਿਆਂ ਨੂੰ ਲਗਦੇ ਪਿੰਡਾਂ ਵਿਚ ਉਹਦੀ ਕੋਈ ਰਿਸ਼ਤੇਦਾਰੀ ਨਹੀਂ ਸੀ ਤੇ ਨਾ ਹੀ ਕੋਈ ਦੋਸਤ-ਮਿੱਤਰ ਜਿਸ ਕੋਲ ਉਹ ਬੇਫਿਕਰ ਹੋ ਕੇ ਰਾਤ ਕੱਟ ਸਕੇ । ਤੇ ਫੇਰ ਉਹਨੇ ਇਕ ਦਮ ਫੈਸਲਾ ਕਰ ਲਿਆ ਕਿ ਉਹ ਅਗਲੇ ਅੱਡੇ ਉਤੇ ਹੀ ਉਤਰ ਜਾਵੇਗਾ । ਉਥੋਂ ਧੂਰਕੋਟ ਨੇੜੇ ਹੀ ਹੈ । ਵੱਧ ਤੋਂ ਵੱਧ ਅੱਧੇ ਘੰਟੇ ਦਾ ਰਾਹ ਹੋਵੇਗਾ । ਧੂਰਕੋਟ ਉਹ ਕਦੇ ਵੀ ਨਹੀਂ ਗਿਆ ਸੀ । ਪਰ ਉਥੇ ਉਹਦੀ ਠਹਿਰ ਪੱਕੀ ਸੀ । ਉਥੇ ਤਾਂ ਉਹਦੀ ਪੂਰੀ ਸੇਵਾ ਹੋਵੇਗੀ । ਉਥੇ ਜਾ ਕੇ ਫਿਕਰ ਵੀ ਕੋਈ ਨਹੀਂ ਰਹੇਗਾ । ਉਹਨੇ ਡਰਾਈਵਰ ਨੂੰ ਕਿਹਾ ਕਿ ਉਹ ਅਗਲੇ ਅੱਡੇ ਉਤੇ ਹੀ ਉਹਨੂੰ ਉਤਾਰ ਦੇਵੇ ।

ਬੱਸ ਚੱਲੀ । ਅਗਲੇ ਅੱਡੇ ਉਤੇ ਅੱਧੀਆਂ ਕੁ ਸਵਾਰੀਆਂ ਹੀ ਰਹਿ ਗਈਆਂ । ਅੱਧੀਆਂ ਸੀਟਾਂ ਖਾਲੀ ਪਈਆਂ ਸਨ । ਉਹ ਆਪਣੀ ਸੀਟ ਤੋਂ ਉੱਠ ਕੇ ਮੂਹਰਲੀ ਬਾਰੀ ਦੇ ਨਾਲ ਲਗਦੀ ਸੀਟ ਉਤੇ ਜਾ ਬੈਠਾ । ਬੱਸ ਦਾ ਇੰਜਣ ਚੱਲ ਰਿਹਾ ਸੀ । ਸਾਰੀਆਂ ਸਵਾਰੀਆਂ ਜਦੋਂ ਉੱਤਰ ਗਈਆਂ, ਡਰਾਈਵਰ ਨੇ ਬੱਸ ਹੌਲੀ ਦੇ ਕੇ ਤੋਰ ਲਈ । ਤੇ ਫੇਰ ਡਰਾਈਵਰ ਅੱਖਾਂ ਦੀ ਗੰਭੀਰ ਤੱਕਣੀ ਵਿਚ ਗਰਦਨ ਭੰਵਾ ਕੇ ਸੁਰਜੀਤ ਵਲ ਝਾਕਿਆ । ਉਹ ਅੱਖ ਦੇ ਫੋਰ ਵਿਚ ਹੀ ਥੱਲੇ ਉਤਰ ਗਿਆ । ਡਰਾਈਵਰ ਨੇ ਐਕਸੀਲੇਟਰ ਪੂਰਾ ਦੱਬ ਦਿਤਾ । ਬੱਸ ਵਿਚ ਮਚਲੇ ਜਿਹੇ ਬਣ ਕੇ ਬੈਠੇ ਦੋਵੇਂ ਬੰਦੇ ਕਰੰਟ ਲੱਗਣ ਵਾਂਗ ਖੜੇ ਹੋ ਗਏ ਤੇ ਸੰਘ ਪਾਟਵੀਂ ਆਵਾਜ਼ ਵਿਚ ਰੌਲਾ ਪਾਉਣ ਲੱਗੇ ।



ਡਰਾਈਵਰ ਬੋਲਾ ਬਣਿਆ ਹੋਇਆ ਸੀ । ਉਹ ਉੱਠੇ ਤੇ ਡਰਾਈਵਰ ਦੇ ਕੋਲ ਆ ਖੜ੍ਹੇ । ਉਹਦਾ ਮੋਢਾ ਝੰਜੋੜਿਆ ।

ਡਰਾਈਵਰ ਕੜਕਿਆ—"ਕੀ ਗੱਲ ਐ ?"

—"ਅਸੀਂ ਉੱਤਰਨਾ ਸੀ ਯਾਰ । ਤੂੰ ਤਾਂ ਮੀਲ ਭਰ ਗਾਹਾਂ ਦੱਬ ਲਿਆਇਆ ।" ਇਕ ਬੋਲਿਆ ।

—"ਥੋਡੇ ਕੋਲ ਟਿਕਟ ਕਿੱਥੋਂ ਦਾ ਐ ?" ਡਰਾਈਵਰ ਨੇ ਪੁੱਛਿਆ ।

—"ਟਿਕਟ ਤਾਂ ਖਾਨਪੁਰ ਦਾ ਐ । ਪਰ ਅਸੀਂ ਐਥੇ ਈ ਉੱਤਰਨਾ ਸੀ ।"

—"ਫੇਰ ਸੁਫਨਾ ਔਂਦੈ ਸਾਨੂੰ ਕੋਈ । ਪਹਿਲਾਂ ਕਹਿਣਾ ਸੀ ਕੰਡਕਟਰ ਨੂੰ ।"

ਗੱਲਾਂ ਵਿਚ ਹੀ ਡਰਾਈਵਰ ਦੋ ਮੀਲ ਨਿਕਲ ਆਇਆ ਸੀ । ਦੋਵੇਂ ਬੰਦੇ ਕਚੀਚੀਆਂ ਵੱਟਦੇ ਤੇ ਦੰਦ ਪੀਂਹਦੇ ਮੁੜ ਆਪਣੀਆਂ ਸੀਟਾਂ ਉਤੇ ਆ ਬੈਠੇ ।

○ ○

ਪਿੰਡ ਵੜਨ ਤੋਂ ਪਹਿਲਾਂ ਹੀ ਬਾਹਰਵਾਰ ਘੁਲਾੜੇ ਉਤੇ ਤੁਰਦੇ-ਫਿਰਦੇ ਬੰਦਿਆਂ 'ਚੋਂ ਇਕ ਤੋਂ ਉਹਨੇ ਹੌਲੀਂ ਦੇ ਕੇ ਪੁੱਛਿਆ । ਉਹਨੇ ਦੱਸਿਆ ਕਿ ਉਨ੍ਹਾਂ ਦਾ ਅੰਦਰਲਾ ਘਰ ਤਾਂ ਖਾਸੀ ਦੂਰ ਜਾ ਕੇ ਪਿੰਡ ਵਿਚ ਹੈ, ਬਾਹਰਲਾ ਘਰ ਔਹ ਸਾਹਮਣੇ ਹੈ—ਜਿੱਥੇ ਕਿੱਕਰ ਖੜ੍ਹੀ ਹੈ । ਹਨੇਰਾ ਹੋ ਚੁੱਕਿਆ ਸੀ । ਪਰ ਚੰਦ ਦੇ ਚਾਨਣ ਵਿਚ ਦਰਖਤਾਂ ਦੇ ਆਕਾਰ ਜਿਹੇ ਦਿਸਦੇ ਸਨ । ਉਹ ਛੇਤੀ ਹੀ ਉਨ੍ਹਾਂ ਦੇ ਬਾਹਰਲੇ ਘਰ ਅੱਗੇ ਜਾ ਖੜ੍ਹਾ । ਲੱਕੜ ਦਾ ਫਾਟਕ ਖੁੱਲ੍ਹਾ ਸੀ । ਇਕ ਕੋਈ ਪਸ਼ੂਆਂ ਨੂੰ ਕੱਖ-ਕੰਡਾ ਪਾ ਕੇ ਹਟਿਆ ਸੀ ਤੇ ਕੱਤਾ-ਪੰਪ ਉਤੇ ਆਪਣੇ ਹੱਥ ਧੋ ਰਿਹਾ ਸੀ । ਸੁਰਜੀਤ ਨੇ ਖੰਘੂਰ ਮਾਰੀ ਤਾਂ ਉਹ ਉਹਦੇ ਵਲ ਚੱਲ ਕੇ ਆਇਆ ਤੇ ਉਹਦੇ ਚੇਹਰੇ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਨ ਲਗਿਆ । 'ਆਓ ਭਾਈ ਸਾਅਬ' ਕਹਿ ਕੇ ਉਹਨੂੰ ਬੈਠਕ ਵਿਚ ਲੈ ਗਿਆ । ਬਿਜਲੀ ਦਾ ਚਾਨਣ ਕੀਤਾ ਤੇ ਉਹਦਾ ਹਾਲ-ਚਾਲ ਪੁੱਛਣ ਲੱਗਿਆ । ਇਹ ਮੁੰਡਾ ਉਹਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ । —"ਕਿੱਥੇ ਘਰ ਨੇ ਚੋਬਰ ਦੇ ?" ਗਿੰਦਰ ਨੇ ਅਖੀਰ ਪੁੱਛ ਹੀ ਲਿਆ ।

—"ਘਰ ਤਾਂ ਮੇਰੇ ਧਰਮਗੜ੍ਹ ਨੇ । ਮੈਂ ਹੌਲਦਾਰ ਨਿੱਕਾ ਸੂੰ ਦਾ ਮੁੰਡਾ ਆਂ ।" ਸੁਰਜੀਤ ਨੇ ਦੱਸਿਆ ਤੇ ਫੇਰ ਸ਼ਰਮਾਉਣ ਜਿਹਾ ਲੱਗਿਆ ।

ਗਿੰਦਰ ਹੈਰਾਨ ਸੀ ਕਿ ਉਹ ਕੰਵਾਰੇ-ਨਾਤੇ ਹੀ ਉਥੇ ਕਿਉਂ ਆ ਗਿਆ ਹੈ ?

ਗਿੰਦਰ ਹੋਰੀਂ ਦੋ ਭਰਾ ਸਨ । ਦੂਜਾ ਭਰਾ ਸੁਖਦੇਵ ਉਹਤੋਂ ਦਸ ਸਾਲ ਛੋਟਾ ਸੀ । ਸੁਖਦੇਵ ਤੋਂ ਅਗਾਂਹ ਦਸ ਸਾਲ ਛੋਟੀ ਉਨ੍ਹਾਂ ਦੀ ਭੈਣ ਸੀ । ਭੈਣ ਹਮੀਰੋ ਇਸ ਮੁੰਡੇ ਸੁਰਜੀਤ ਨੂੰ ਮੰਗੀ ਹੋਈ ਸੀ । ਹੁਣ ਉਹ ਵੀਹ-ਬਾਈ ਸਾਲ ਦੀ ਸੀ । ਦਸਵੀਂ ਜਮਾਤ ਪਾਸ ਕਰ ਲਈ ਸੀ । ਹੁਣ ਉਹ ਦਰੀਆਂ-ਖੇਸ ਬੁਣਦੀ ਤੇ ਚਾਦਰਾਂ-ਸਰ੍ਹਾਣੇ ਕਢਦੀ । ਉਹ ਦਸ ਕੁ ਸਾਲ ਦੀ ਸੀ ਜਦੋਂ ਉਨ੍ਹਾਂ ਦਾ ਪਿਓ ਧਰਮਗੜ੍ਹ ਜਾ ਕੇ ਉਹਨੂੰ ਮੰਗ ਆਇਆ ਸੀ । ਮੁੰਡਾ ਇਕੱਲਾ ਤੇ ਜ਼ਮੀਨ ਤਕੜੀ ਸੀ । ਸੱਤਵੀਂ-ਅੱਠਵੀਂ ਵਿਚ ਪੜ੍ਹਦਾ ਸੀ ਅਜੇ । ਹੁਣ ਉਹ ਬੀ. ਏ. ਕਰ ਚੁਕਿਆ ਸੀ । ਨੌਕਰੀ ਨਾਲੋਂ ਘਰ ਖੇਤੀ ਦਾ ਕੰਮ ਚੰਗਾ ਸਮਝਿਆ । ਗਿੰਦਰ ਹੋਰਾਂ ਦਾ ਪਿਓ ਦੋ-ਤਿੰਨ ਸਾਲ ਪਹਿਲਾਂ ਗੁਜ਼ਰ ਗਿਆ ਸੀ । ਉਨ੍ਹਾਂ ਦੀ ਮਾਂ ਝੁਰਦੀ ਕਿ ਪਿਓ ਦੇ ਜਿਉਂਦੇ-ਜਿਉਂਦੇ ਜੇ ਹਮੀਰੋ ਦੇ ਹੱਥ ਪੀਲੇ ਹੋ ਜਾਂਦੇ ਤਾਂ ਚੰਗਾ ਸੀ । ਗਿੰਦਰ ਨੂੰ ਉਹ ਕਿੰਨੀ ਹੀ ਵਾਰੀਂ ਕਹਿ ਚੁਕੀ ਸੀ ਕਿ ਕੁੜੀ ਜਵਾਨ-ਜਹਾਨ

ਹੈ, ਵਿਆਹ ਕਰੋ ਤੇ ਉਹ ਆਪਣੇ ਘਰ ਜਾਵੇ। ਪਰ ਗਿਦਰ ਉਤੋਂ ਹੀ ਨਹੀਂ ਵਾਚਦਾ ਸੀ। ਦੋਵੇਂ ਭਰਾ ਖੇਤੀ ਦਾ ਕੰਮ ਜ਼ੋਰ-ਤੋਰ ਨਾਲ ਕਰਦੇ। ਇਕ ਸੀਰੀ ਰਖਦੇ। ਕਮਾਈ ਵਲ ਬਹੁਤਾ ਧਿਆਨ ਸੀ। ਕੁੜੀ ਦੇ ਵਿਆਹ ਦਾ ਤਾਂ ਕੋਈ ਨਾਉਂ ਹੀ ਨਹੀਂ ਲੈਂਦਾ ਸੀ। ਹਰ ਸਾਲ ਉਹ ਕਿੱਲਾ—ਦੋ ਕਿੱਲੇ ਜ਼ਮੀਨ ਗਹਿਣੇ ਲੈ ਲੈਂਦੇ। ਗਿੰਦਰ ਲਾਲਚੀ ਪੂਰਾ ਸੀ। ਉਹਨੂੰ ਆਪਣੀ ਜਾਇਦਾਦ ਬਣਾਉਣ ਤੇ ਵਧਾਉਣ ਦਾ ਨਸ਼ਾ ਬਹੁਤਾ ਰਹਿੰਦਾ।

—"ਤੂੰ ਭਾਈ ਕਿਵੇਂ ਫੇਰ ਐਸ ਵੇਲੇ?" ਗਿੰਦਰ ਨੇ ਸਿੱਧਾ ਹੀ ਸਵਾਲ ਕਰ ਦਿੱਤਾ।

—"ਮੈਨੂੰ ਤਾਂ ਬਾਈ ਜੀ ਭੀੜ ਪੈ 'ਗੀ। ਮੈਂ ਤਾਂ ਟਰੈਕਟਰ ਲੈਣ ਆਇਆ ਸੀ ਸ਼ਹਿਰ। ਅਹਿ ਸੱਠ ਹਜ਼ਾਰ ਦੀ ਰਕਮ ਕੋਲੇ ਸੀ। ਟਰੈਕਟਰ ਮਿਲਿਆ ਨ੍ਹੀ। ਸਾਰੇ ਦਿਨ ਦੀ ਭਕਾਈ ਐਵੇਂ ਗਈ। ਬੱਸ 'ਚ ਦੋ ਬਦਮਾਸ਼ ਮੇਰੇ ਮਗਰ ਲੱਗ ਲੇ। ਜਾਣਾ ਤਾਂ ਮੈਂ ਖਾਨਪੁਰ ਸੀ ਅਗਾਂਹ ਮਾਸੀ ਦੇ ਪਿੰਡ, ਪਰ ਐਥੇ ਈ ਆ ਗਿਆ। ਖਾਨਪੁਰ ਦੇ ਅੱਡੇ 'ਤੇ ਉਤਰਦਾ ਤਾਂ ਮੇਰੀ ਖੈਰ ਨ੍ਹੀ ਸੀ।" ਸੁਰਜੀਤ ਨੇ ਸਾਰੀ ਗੱਲ ਖੋਲ੍ਹ ਕੇ ਦੱਸੀ।

ਸੱਠ ਹਜ਼ਾਰ ਦਾ ਨਾਉਂ ਸੁਣ ਕੇ ਗਿੰਦਰ ਦੀਆਂ ਅੱਖਾਂ ਟੱਡੀਆਂ ਗਈਆਂ। ਉਹਨੇ ਸੁਰਜੀਤ ਨੂੰ ਧੀਰਜ ਦਿੱਤਾ ਤੇ ਬੈਠਕ ਦੀ ਬੱਤੀ ਬੁਝਾ ਦਿੱਤੀ। ਕਿਹਾ—"ਤੂੰ ਭਾਈ ਐਥੇ ਈ ਬੈਠਾ ਰਹਿ ਚੁੱਪ ਕਰਕੇ। ਮੈਂ ਰੋਟੀ ਲੈ ਕੇ ਔਨਾਂ। ਕਿਸੇ ਕੋਲ ਗੱਲ ਨਾ ਕਰੀਂ। ਕੱਚਾ ਰਿਸ਼ਤਾ ਐ। ਸਾਡੀ ਬਦਨਾਮੀ ਹੋਊ। ਰੋਟੀ ਖਾ ਕੇ ਐਥੇ ਈ ਪੈ ਜੀਂ। ਤੜਕੇ ਸਦੇਹਾਂ ਉੱਠ ਕੇ ਵਗ ਜੀਂ।"

ਸੁਰਜੀਤ ਦਾ ਸਾਹ ਟਿਕਾਣੇ-ਸਿਰ ਆ ਗਿਆ।

ਗਿੰਦਰ ਨੇ ਪਹਿਲਾਂ ਤਾਂ ਚਾਹ ਲਿਆਂਦੀ। ਤੱਤੇ ਪਾਣੀ ਦਾ ਡੋਲੂ ਲਿਆ ਕੇ ਉਹਦਾ ਹੱਥ-ਮੂੰਹ ਧੁਆਇਆ। ਤੇ ਫੇਰ ਰੋਟੀ ਲੈ ਆਇਆ। ਬੈਠਕ ਦੀ ਬਿਜਲੀ-ਬੱਤੀ ਨਹੀਂ ਜਗਾਈ। ਇਕ ਨਿੱਕੀ ਜਿਹੀ ਮੋਮਬੱਤੀ ਹੀ ਬਾਲ ਛੱਡੀ।

ਰੋਟੀ ਖਾਕੇ ਸੁਰਜੀਤ ਪ੍ਰਸੰਨ-ਚਿੱਤ ਹੋ ਗਿਆ। ਫੱਗਣ-ਚੇਤ ਦੀ ਰੁੱਤ ਸੀ। ਠੰਡ ਘਟ ਚੱਲੀ ਸੀ। ਬੈਠਕ ਵਿਚ ਪਿਆ ਇਕ ਬਿਸਤਰਾ ਗਿੰਦਰ ਨੇ ਖੋਲ੍ਹਿਆ ਤੇ ਮੰਜੇ ਉਤੇ ਵਿਛਾ ਦਿੱਤਾ। ਰਜ਼ਾਈ ਪਰ੍ਹਾਂ ਕੁਰਸੀ ਉਤੇ ਰੱਖ ਕੇ ਇਕ ਘਸਮੈਲਾ ਜਿਹਾ ਕੰਬਲ ਉਹਨੂੰ ਦੇ ਦਿੱਤਾ।—"ਲੈ ਭਾਈ, ਠੰਡ ਲੱਗੀ ਤਾਂ ਇਹ ਰਜ਼ਾਈ ਕੁਰਸੀ 'ਤੇ ਪਈ ਐ। ਬੈਠਕ ਦਾ ਬਾਰ ਭੇੜ ਲੀਂ। ਅੰਦਰੋਂ ਕੁੰਡਾ ਨਾ ਲਾਈਂ। ਮੈਂ ਖੇਤ ਨੂੰ ਚੱਲਿਆਂ। ਪਾਣੀ ਥਿਉਣੈ ਮੋਘੇ ਦਾ। ਅੱਧੀ ਰਾਤ ਤੋਂ ਪਿੱਛੋਂ ਮੈਂ ਆਊਂ। ਤੂੰ ਬੇਫਿਕਰ ਹੋ ਕੇ ਸੌਂ ਜਾ। ਪਰ ਕੋਈ ਆਵੇ ਤਾਂ ਗੱਲ ਨਾ ਕਰੀਂ ਕੋਈ ਉਹਦੇ ਨਾਲ।" ਗਿੰਦਰ ਚਲਿਆ ਗਿਆ।

ਉਹ ਖੇਤ ਗਿਆ। ਉਹਦੇ ਦਿਮਾਗ ਵਿਚ ਸੱਠ ਹਜ਼ਾਰ ਰੁਪਿਆ ਘੁੰਮ ਰਿਹਾ ਸੀ। ਮੋਘੇ ਦਾ ਪਾਣੀ ਮਰਿਆ-ਮਰਿਆ ਜਿਹਾ ਸੀ, ਸੀਰੀ ਤੇ ਉਹਨੇ ਸਹਿਜੇ ਹੀ ਕਣਕ ਰਮਾ ਲਈ। ਸਾਰੇ ਖੇਤ ਵਿਚ ਪਤਲਾ-ਪਤਲਾ ਪਾਣੀ ਫੇਰ ਲਿਆ। ਬਹੁਤੇ ਪਾਣੀ ਦੀ ਹੁਣ ਲੋੜ ਵੀ ਨਹੀਂ ਸੀ। ਉਹ ਪੰਦਰਾਂ ਕੁ ਦਿਨ ਪਹਿਲਾਂ ਡੱਕਵਾਂ ਪਾਣੀ ਲਾ ਕੇ ਹਟੇ ਸਨ। ਗਿੰਦਰ ਸੋਚ ਰਿਹਾ ਸੀ—"ਕੁੜੀ ਦਾ ਕੀਹ ਐ, ਕਿਸੇ ਹੋਰ ਥਾਂ ਮੰਗ ਦਿਆਂਗੇ। ਸੱਠ ਹਜ਼ਾਰ ਕਿਤੇ ਨ੍ਹੀ ਬਣਦਾ।" ਉਸ ਨੇ ਕੋਈ ਫ਼ੈਸਲਾ ਕਰ ਲਿਆ।

ਸੀਰੀ ਨੂੰ ਭੇਜ ਕੇ ਉਹ ਪੋਲੇ ਪੈਰੀਂ ਆਪਣੇ ਬਾਹਰਲੇ ਘਰ ਆਇਆ ਤੇ ਕਹੀ ਲੈ ਕੇ ਪਰ੍ਹਾਂ



ਕਕਰ ਥੱਲੇ ਇਕ ਖੂੰਜੇ ਵਿਚ ਹੌਲੀ ਹੌਲੀ, ਟੋਆ ਪੁੱਟਣ ਲੱਗਿਆ। ਦੂਜੇ ਘਰ ਟੱਕ ਦੀ ਆਵਾਜ਼ ਨਹੀਂ ਜਾ ਰਹੀ ਸੀ। ਲੱਕ ਜਿੱਡਾ ਡੂੰਘਾ ਟੋਆ ਉਹਨੇ ਪੱਟ ਲਿਆ। ਪੰਜ-ਛੇ ਫੁੱਟ ਲੰਬਾ, ਦੋ ਫੁੱਟ ਚੌੜਾ। ਪਾਣੀ ਲਾ ਕੇ ਭਾਵੇਂ ਉਹਦਾ ਸਰੀਰ ਪਹਿਲਾਂ ਹੀ ਥੱਕਿਆ-ਟੁੱਟਿਆ ਸੀ ਪਰ ਉਹ ਫੇਰ ਵੀ ਕਿਸੇ ਨਸ਼ੇ ਜਿਹੇ ਵਿਚ ਇਹ ਟੋਆ ਅੱਧੇ-ਪੌਣੇ ਘੰਟੇ ਵਿਚ ਹੀ ਪੁੱਟ ਗਿਆ। ਮਿੱਟੀ ਪੋਲੀ ਸੀ। ਚੇਪਾ ਭਰਦਾ ਤੇ ਬਾਹਰ ਸੁੱਟੀ ਜਾਂਦਾ। ਤੇ ਫੇਰ ਉਹ ਹੌਲੀ ਹੌਲੀ ਬੈਠਕ ਵਲ ਵਧਿਆ। ਹੌਲੀ ਦੇਕੇ ਬੈਠਕ ਦਾ ਬਾਰ ਖੋਲ੍ਹਿਆ। ਬੰਦਾ ਕੰਬਲ ਲੈ ਕੇ ਓਵੇਂ ਜਿਵੇਂ ਸੁੱਤਾ ਪਿਆ ਸੀ। ਬੈਠਕ ਵਿਚ ਚੰਦ ਦਾ ਚਾਨਣ ਸੀ। ਉਹਨੇ ਕਿੱਲੇ ਉਤੇ ਲਟਕਦੀ ਕਿਰਪਾਨ ਲਾਹੀ। ਮਿਆਨ ਵਿਚੋਂ ਕੱਢੀ ਤੇ ਰੱਬ ਦਾ ਨਾਉਂ ਲੈਕੇ ਇਕੋ ਵਾਰ ਨਾਲ ਬੰਦੇ ਦਾ ਸਿਰ ਕੱਟ ਕੇ ਔਹ ਮਾਰਿਆ। ਧੜ ਡੱਡੂ ਵਾਂਗ ਤੜਫਣ ਲੱਗਿਆ। ਉਹ ਖੜ੍ਹਾ ਦੇਖਦਾ ਰਿਹਾ। ਟੱਪ-ਟੱਪ ਕੇ ਧੜ ਜਦੋਂ ਸ਼ਾਂਤ ਹੋ ਗਿਆ ਤਾਂ ਉਹਨੇ ਕੰਬਲ ਪਰ੍ਹਾਂ ਕੀਤਾ। ਉਹਦੇ ਤਾਂ ਹੋਸ਼ ਹੀ ਮਾਰੇ ਗਏ। ਇਹ ਉਹ ਮੁੰਡਾ ਤਾਂ ਨਹੀਂ ਹੈ। ਉਹਦੇ ਤਾਂ ਚਿੱਟੀ ਬੁਸ਼ਰਟ ਪਹਿਨੀ ਹੋਈ ਸੀ। ਆਸਮਾਨੀ ਰੰਗ ਦਾ ਸਵੈਟਰ ਸੀ। ਉਹਨੇ ਬਿਜਲੀ-ਬਤੀ ਜਗਾਈ। ਮੰਜੇ ਦੇ ਸਿਰਹਾਣੇ ਕੋਲ ਪਿਆ ਸਿਰ ਉਲਟਾ ਕੇ ਦੇਖਿਆ, ਇਹ ਤਾਂ ਸੁਖਦੇਵ ਐ। ਉਹਦਾ ਆਪਣਾ ਛੋਟਾ ਭਾਈ। ਉਹ ਥਾਂ ਦੀ ਥਾਂ ਡਿੱਗ ਪਿਆ। ਉਹਨੂੰ ਚੱਕਰ ਆ ਗਿਆ ਸੀ। ਉਹ ਬੋਲ ਨਹੀਂ ਸਕਦਾ ਸੀ। ਉਹ ਹੌਲੀ ਹੌਲੀ ਬੈਠਕ ਤੋਂ ਬਾਹਰ ਹੋਇਆ। ਤੇ ਆਪਣੇ ਅਗਾਂ ਵਿਚ ਪੂਰਾ ਤਾਣ ਲਿਆ ਕੇ ਬਹੁਤ ਉਚੀ ਚੀਕ ਮਾਰੀ। ਬੋਲਿਆ—"ਪੱਟੇ ਗਏ ਓਏ ਜਹਾਨਾ। ਹਾਏ ਓਏ, ਮਰ 'ਗੇ ਓਏ। ਓਏ, ਕੋਈ ਬਹੁੜੋ ਓਏ।"

੦ ੦

ਸੁਰਜੀਤ ਨੂੰ ਰੋਟੀ ਖਵਾ ਕੇ ਗਿੰਦਰ ਜਦੋਂ ਖੇਤ ਨੂੰ ਚਲਿਆ ਗਿਆ ਸੀ ਤਾਂ ਬਾਅਦ ਵਿਚ ਉਹਦੀ ਮਾਂ ਬਾਹਰਲੇ ਘਰ ਬੈਠਕ ਵਿਚ ਆਈ ਸੀ। ਆਈ ਤਾਂ ਉਹ ਸੁਭਾਇਕੀ ਹੀ ਕਿਸੇ ਹੋਰ ਕੰਮ ਸੀ ਪਰ ਜਿਵੇਂ ਕਿ ਬੁੜ੍ਹੀਆਂ ਨੂੰ ਵਾਣ ਹੁੰਦੀ ਹੈ, ਉਹ ਬੈਠਕ ਵਿਚ ਪਏ ਮੁੰਡੇ ਨਾਲ ਗੱਲਾਂ ਕਰਨ ਲੱਗੀ। ਕਿਥੇ ਨੇ ਭਾਈ ਘਰ ਤੇਰੇ? ਕੌਣ ਐਂ ਤੂੰ? ਜਦ ਉਹਨੂੰ ਪਤਾ ਲੱਗਿਆ ਤਾਂ ਉਹ ਖਿੜ ਉਠੀ। ਹੈਰਾਨ ਵੀ ਹੋਈ। ਫੇਰ ਫਿਕਰ ਕਰਨ ਲੱਗੀ। ਗਿੰਦਰ ਉਤੇ ਗੁੱਸਾ ਕੀਤਾ, ਲੈ ਚੰਦਰੇ ਨੇ ਮੈਨੂੰ ਤਾਂ ਦੱਸਿਆ ਹੀ ਨਾ। ਭੋਰਾ ਵੀ ਗੱਲ ਨਹੀਂ ਕੀਤੀ ਘਰੇ। ਅਖੀਰ ਬੁੜ੍ਹੀ ਨੇ ਸਿਆਣਪ ਸੋਚੀ—"ਤੂੰ ਭਾਈ ਐਥੇ ਨਾ ਪੈ। ਬਾਹਰਵਾਰ ਘਰ ਐ। ਐਨੀ ਰਕਮ ਐ ਤੇਰੇ ਕੋਲ। ਨਜਾਣੀਏ ਕੋਈ ਗਲ ਹੋ ਜੇ।"

—"ਲਓ ਮਾਂ ਜੀ, ਕੀ ਡਰ ਐ। ਠੀਕ ਐ ਬੱਸ।" ਸੁਰਜੀਤ ਨੇ ਆਖਿਆ ਸੀ।

—"ਜੇ ਤੈਨੂੰ ਅੰਦਰਲੇ ਘਰ ਲੈਕੇ ਜਾਨੀ ਆਂ ਤਾਂ ਲੋਕ ਗੱਲਾਂ ਬਣੌਣਗੇ। ਕੰਵਾਰਾ—ਨਾਤੈ ਭਾਈ। ਤੂੰ ਉਠ, ਤੈਨੂੰ ਸਰਪੰਚ ਦੇ ਘਰ ਛੱਡ ਔਨੀ ਆਂ। ਸਰਪੰਚ ਸਾਡਾ ਘਰ ਦਾ ਈ ਬੰਦੈ। ਦੇਵਤਾ ਆਦਮੀ ਐ ਵਚਾਰਾ, ਚੁਬਾਰੇ 'ਚ ਪਿਆ ਹੁੰਦੈ 'ਕੱਲਾ ਈ। ਤੂੰ ਉਹਦੇ ਕੋਲ ਪੈ ਜੀਂ। ਤੜਕੇ ਨੂੰ ਚਾਹ ਪੀ ਕੇ 'ਰਾਮ ਨਾਲ ਵਗ ਜੀਂ ਭਾਈ।" ਉਹ ਲਗਾਤਾਰ ਬੋਲੀਂ ਜਾ ਰਹੀ ਸੀ!

ਸੁਰਜੀਤ ਨੇ ਦੇਖਿਆ, ਬੁੜ੍ਹੀ ਖਹਿੜਾ ਨਹੀਂ ਛੱਡਦੀ। ਉਠਾ ਕੇ ਦਮ ਲਵੇਗੀ। ਉਹ ਖੜ੍ਹਾ ਹੋ ਗਿਆ। ਆਪਣਾ ਬੈਗ ਸੰਭਾਲਿਆ। ਬੁੜ੍ਹੀ ਦੇ ਮਗਰ ਲੱਗ ਪਿਆ। ਚੁੱਪ ਕੀਤੇ ਜਿਹੇ ਹੀ ਉਹ ਸਰਪੰਚ ਦੇ ਚੁਬਾਰੇ ਜਾ ਚੜ੍ਹੇ ਸਨ। ਬੁੜ੍ਹੀ ਨੇ ਸਰਪੰਚ ਨੂੰ ਹੌਲੀ ਹੌਲੀ ਸਾਰੀ ਗੱਲ ਸਮਝਾਈ ਸੀ

ਤੇ ਫੇਰ ਚੁੱਪ ਕੀਤੀ ਜਿਹੀ ਉਹ ਚੁਬਾਰੇ ਦੀਆਂ ਪੌੜੀਆਂ ਉਤਰ ਆਈ ਸੀ। ਸਰਪੰਚ ਨੇ ਸੁਰਜੀਤ ਦਾ ਪੂਰਾ ਸੁਆਗਤ ਕੀਤਾ ਸੀ। ਥੱਲੇ ਜਾ ਕੇ ਉਹਦੇ ਵਾਸਤੇ ਦੁੱਧ ਤੱਤਾ ਕਰਵਾ ਕੇ ਲਿਆਇਆ ਸੀ।

ਓਧਰ ਸੁਖਦੇਵ ਡੀਜ਼ਲ ਦੇ ਢੋਲ ਦਾ ਪਤਾ ਕਰਨ ਸਵੇਰ ਦਾ ਹੀ ਸ਼ਹਿਰ ਗਿਆ ਹੋਇਆ ਸੀ। ਆਥਣ ਤਕ ਮੁੜਿਆ ਨਹੀਂ ਸੀ। ਸ਼ਹਿਰ ਵਿਚ ਉਹ ਸਾਰਾ ਦਿਨ ਕੁੱਤੇ-ਝਾਕ 'ਚ ਪਟਰੋਲ ਪੰਪ ਉਤੇ ਬੈਠਾ ਰਿਹਾ ਸੀ। ਢੋਲ ਦਾ ਕੋਈ ਪ੍ਰਬੰਧ ਨਹੀਂ ਬਣਿਆ। ਦਿਨ ਛਿਪਣ ਉਤੇ ਆਇਆ ਤਾਂ ਉਹਨੂੰ ਪਿੰਡ ਦੀ ਟਰਾਲੀ ਮਿਲ ਗਈ। ਉਹਨੇ ਸੋਚਿਆ, ਬੱਸ ਉਤੇ ਕੀ ਜਾਵਾਂਗੇ, ਟਰਾਲੀ ਉਤੇ ਹੁਣ ਜਾ ਵੜਦੇ ਹਾਂ ਪਿੰਡ। ਪਰ ਉਹ ਸ਼ਹਿਰੋਂ ਚੱਲੇ ਸਨ ਤਾਂ ਅੱਧ ਮੀਲ ਉਤੇ ਆ ਕੇ ਟਰੈਕਟਰ ਖਰਾਬ ਹੋ ਗਿਆ ਸੀ। ਦੋ ਤਿੰਨ ਘੰਟੇ ਉਹ ਮੱਥਾ ਮਾਰਦੇ ਰਹੇ, ਇੰਜਣ ਸੂਤ ਹੀ ਨਾ ਆਵੇ। ਅਖੀਰ ਇਕ ਬੰਦਾ ਮੁੜ ਕੇ ਸ਼ਹਿਰ ਗਿਆ ਤੇ ਸਾਈਕਲ ਉਤੇ ਮਕੈਨਿਕ ਨੂੰ ਲੈਕੇ ਆਇਆ। ਮਕੈਨਿਕ ਨੇ ਵੀ ਇਕ ਘੰਟਾ ਲਾ ਦਿੱਤਾ। ਉਨ੍ਹਾਂ ਨੂੰ ਤਾਂ ਉਥੇ ਹੀ ਬਹੁਤ ਹਨੇਰਾ ਹੋ ਗਿਆ ਸੀ। ਪਿੰਡ ਉਹ ਬਹੁਤ ਕੁਵੇਲੇ ਪਹੁੰਚੇ ਸਨ। ਪਿੰਡ ਦੇ ਬੱਸ ਅੱਡੇ ਉਤੇ ਆ ਕੇ ਟਰਾਲੀ ਵਾਲੇ ਮੁੰਡੇ ਨੇ ਬੋਤਲ ਲੈ ਲਈ। ਕਹਿੰਦਾ—"ਅਜ ਤਾਂ ਹੱਡ ਟੱਸ-ਟੱਸ ਕਰੀਂ ਜਾਂਦੇ ਨੇ, ਜਿਵੇਂ ਪੁਲਸ ਦੇ ਕੁੱਟੇ ਹੋਈਏ। ਦਾਰੂ ਪੀਤੇ ਬਗੈਰ ਅਜ ਨੀ ਨਰਬਾਹ।" ਉਹ ਤਿੰਨ ਜਣੇ ਸਨ। ਅੱਡੇ ਉਤੇ ਹੀ ਅੱਧੀ ਬੋਤਲ ਖਤਮ ਕੀਤੀ ਸੀ ਤੇ ਫੇਰ ਘਰ ਨੂੰ ਚੱਲ ਪਏ ਸਨ। ਟਰਾਲੀ ਵਾਲਾ ਮੁੰਡਾ ਮੱਲੋਮੱਲੀ ਸੁਖਦੇਵ ਨੂੰ ਆਪਣੇ ਘਰ ਨੂੰ ਲੈ ਗਿਆ ਸੀ। ਰੋਟੀ ਖਵਾ ਕੇ ਖਹਿੜਾ ਛੱਡਿਆ ਸੀ। ਅੱਧੀ ਰਾਤ ਹੋ ਚੁਕੀ ਸੀ। ਸੁਖਦੇਵ ਨੇ ਸੋਚਿਆ ਸੀ, ਹੁਣ ਅੰਦਰਲੇ ਘਰ ਕੀ ਜਾਵਾਂਗੇ। ਮਾਂ ਨੂੰ ਦੁਖੀ ਕਰਾਂਗੇ। ਬਾਹਰਲੇ ਘਰ ਹੀ ਜਾ ਸੌਨੇ ਆਂ। ਉਹਨੂੰ ਪਾਣੀ ਦੀ ਵਾਰੀ ਦਾ ਪਤਾ ਸੀ। ਪਾਲੀ ਚਾਰ-ਪੰਜ ਦਿਨਾਂ ਦੀ ਛੁੱਟੀ ਲੈ ਕੇ ਮਾਸੀ ਦੀ ਕੁੜੀ ਦੇ ਵਿਆਹ ਗਿਆ ਹੋਇਆ ਸੀ। ਸੋ ਬਾਹਰਲੇ ਘਰ ਕੋਈ ਨਹੀਂ ਸੀ। ਸੁਖਦੇਵ ਦਾ ਨਵਾਂ-ਨਵਾਂ ਵਿਆਹ ਸੀ। ਉਹਦੀ ਘਰ ਵਾਲੀ ਪਹਿਲਾ ਜਵਾਕ ਜੰਮਣ ਪੇਕੀਂ ਗਈ ਹੋਈ ਸੀ। ਜਦ ਤੋਂ ਉਹਦਾ ਵਿਆਹ ਹੋਇਆ ਸੀ, ਉਹ ਬਾਹਰਲੇ ਘਰ ਕਦੇ ਨਹੀਂ ਪਿਆ ਸੀ। ਹੁਣ ਬਹੂ ਪੇਕੀਂ ਚਲੀ ਗਈ ਸੀ, ਉਹ ਫੇਰ ਵੀ ਅੰਦਰਲੇ ਘਰ ਹੀ ਪੈਂਦਾ। ਉਸ ਰਾਤ ਉਹ ਬਾਹਰਲੇ ਘਰ ਆਇਆ ਸੀ। ਲੱਕੜ ਦਾ ਫਾਟਕ ਖੋਲ੍ਹਿਆ ਸੀ। ਸਿੱਧਾ ਹੀ ਬੈਠਕ ਵਿਚ ਗਿਆ ਸੀ ਤੇ ਖਾਲੀ ਮੰਜਾ ਦੇਖ ਕੇ ਪੈ ਗਿਆ ਸੀ। ਸ਼ਰਾਬ ਦਾ ਨਸ਼ਾ ਪੂਰਾ ਸੀ। ਰੋਟੀ ਖਾਧੀ ਹੋਈ ਸੀ। ਉਹਨੂੰ ਪੈਣ ਸਾਰ ਹੀ ਨੀਂਦ ਆ ਗਈ ਸੀ।

o o

ਗਿੰਦਰ ਦੀਆਂ ਚਾਂਗਾਂ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਸਭ ਨੇ ਭਾਣਾ ਦੇਖਿਆ। ਗਿੰਦਰ ਨੂੰ ਦੰਦਲਾਂ ਪੈ ਰਹੀਆਂ ਸਨ। ਉਹ ਵਿਹੜੇ ਵਿਚ ਭੁੰਜੇ ਲਿਟਿਆ ਪਿਆ ਸੀ। ਲੋਕ ਉਹਦੀ ਦੰਦਲ ਭੰਨਦੇ, ਉਹ ਫੇਰ ਬੇਹੋਸ਼ ਹੋ ਜਾਂਦਾ। ਅੰਦਰਲੇ ਘਰੋਂ ਬੁੜ੍ਹੀ ਆਈ ਤਾਂ ਗੁੰਮ-ਸੁੰਮ ਹੋ ਕੇ ਬੈਠ ਗਈ। ਉਹਦੇ ਕੋਲੋਂ ਰੋਇਆ ਨਹੀਂ ਜਾ ਰਿਹਾ ਸੀ। ਇਕ ਤਿੱਖੀ ਕੌੜੀ ਗੱਲ ਉਹਦੀ ਸਮਝ ਵਿਚ ਆਉਂਦੀ ਪਰ ਉਹਦਾ ਮਨ ਕਿਤੇ ਵੀ ਨਾ ਠਹਿਰਦਾ। ਰੋਂਦਿਆਂ-ਪਿੱਟਦਿਆਂ ਨੂੰ ਪਹੁ ਫਟਣ ਲੱਗੀ। ਗਿੰਦਰ ਦੀ ਘਰ ਵਾਲੀ ਨਾ ਰੋਂਦੀ ਸੀ ਤੇ ਨਾ ਕੋਈ ਗੱਲ ਕਰਦੀ। ਉਹ ਤਾਂ ਗਿੰਦਰ ਨੂੰ ਸੰਭਾਲਣ ਉਤੇ ਸੀ।

ਹਮੀਰੋ ਨੂੰ ਉਹਦੀ ਮਾਂ ਨੇ ਰਾਤ ਹੀ ਘਰ ਜਾ ਕੇ ਸਭ ਕੁਝ ਦੱਸ ਦਿੱਤਾ ਸੀ। ਬੁੜ੍ਹੀ ਦੀ ਗੱਲ



ਹਮੀਰੋ ਦੀ ਭਰਜਾਈ ਨੇ ਵੀ ਸੁਣੀ ਸੀ। ਹਮੀਰੋ ਸਿਆਣੀ ਸੀ। ਉਹ ਸਭ ਕੁਝ ਸਮਝੀ ਬੈਠੀ ਸੀ। ਉਹ ਗਿੰਦਰ ਦੇ ਲਾਲਚੀ ਤੇ ਕਮੀਨੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਇਕ ਪਲ ਸੁਖਦੇਵ ਲਈ ਉਹਦੀਆਂ ਅੱਖਾਂ ਗਿੱਲੀਆਂ ਹੁੰਦੀਆਂ ਪਰ ਦੂਜੇ ਪਲ ਹੀ ਉਹਦੀਆਂ ਅੱਖਾਂ ਦਾ ਪਾਣੀ ਸੁੱਕ ਜਾਂਦਾ। ਉਹਦੀਆਂ ਅੱਖਾਂ ਵਿਚ ਚੰਗਿਆੜੇ ਬਲਣ ਲਗਦੇ। ਉਹਦਾ ਜੀਅ ਕਰਦਾ ਕਿ ਉਹੀ ਕਿਰਪਾਨ ਲੈਕੇ ਉਹ ਆਪਣੇ ਭਾਈ ਗਿੰਦਰ ਦੀ ਗਰਦਨ ਆਪ ਵੱਢ ਦੇਵੇ। ਉਹ ਖਿਝਦੀ, ਹੁਣ ਦੇਖ ਕਿਵੇਂ ਖੇਖਣ ਕਰਦਾ ਐ।

ਸਰਪੰਚ ਵੀ ਆ ਗਿਆ ਸੀ। ਚੁੱਪ-ਕੀਤਾ ਜਿਹਾ ਉਨ੍ਹਾਂ ਦੇ ਬਾਹਰਲੇ ਘਰ ਵਿਚ ਏਧਰ-ਓਧਰ ਫਿਰ-ਤੁਰ ਰਿਹਾ ਸੀ। ਕਿੱਕਰ ਥੱਲੇ ਇਕ ਖੂੰਜੇ ਵਿਚ ਉਹਨੇ ਟੋਆ ਪੁੱਟਿਆ ਹੋਇਆ ਦੇਖਿਆ ਸੀ ਤਾਂ ਉਹਦੀ ਸਮਝ ਵਿਚ ਸਾਰੀ ਗੱਲ ਆ ਗਈ ਸੀ। ਉਹਨੇ ਅੱਡ ਜਿਹਾ ਹੋ ਕੇ ਸ਼ਰੀਕੇ ਦੇ ਚਾਰ-ਪੰਜ ਬੰਦਿਆਂ ਨੂੰ ਕੋਈ ਗੱਲ ਆਖੀ ਤਾਂ ਉਹ ਫਟਾ ਫੱਟ ਉਥੋਂ ਤੁਰ ਗਏ। ਸੂਰਜ ਦੇ ਉਭਾਰ ਨਾਲ ਸੁਖਦੇਵ ਦੀ ਲੋਥ ਸਿਵਿਆਂ ਵਿਚ ਪਹੁੰਚਾ ਦਿੱਤੀ ਗਈ।

ਗਿੰਦਰ ਵਾਰ-ਵਾਰ ਪੁਲਿਸ ਦਾ ਨਾਉਂ ਲੈਂਦਾ ਰਿਹਾ ਸੀ। ਉਹਦੀ ਕੋਈ ਗੱਲ ਨਹੀਂ ਸੁਣਦਾ ਸੀ ਤਾਂ ਉਹ ਉੱਚੀ ਉੱਚੀ ਰੋਣ ਲਗਦਾ ਸੀ। ਅਖੀਰ ਸਰਪੰਚ ਨੇ ਉਹਦੇ ਜੂੜੇ ਖਿੱਚੇ ਸਨ ਤੇ ਦਾਹੜੀ ਨੂੰ ਹੱਥ ਪਾ ਕੇ ਆਖਿਆ ਸੀ—"ਕਿਉਂ ਪਖੰਡ ਕਰਦੈਂ ਪਾਪੀਆ, ਸਭ ਨੂੰ ਪਤੈ ਤੇਰੀ ਕਰਤੂਤ ਦਾ। ਮੁੰਡੇ ਦਾ ਮਿੱਟੀ ਕਿਉਂਟੀ ਗਈ। ਸੁੱਖ ਰਹਿ'ਗੀ। ਭਰਾ ਦੀ ਜਾਨ ਤਾਂ ਗਈ, ਹੁਣ ਘਰ ਵੀ ਪੱਟਣੈ ?"

ਗਿੰਦਰ ਫੇਰ ਨਹੀਂ ਬੋਲਿਆ।

o o

ਸੁਰਜੀਤ ਚੁਬਾਰੇ ਵਿਚੋਂ ਅਜੇ ਗਿਆ ਨਹੀਂ ਸੀ। ਸਰਪੰਚ ਨੇ ਘਰ ਆ ਕੇ ਉਹਨੂੰ ਸਾਰੀ ਗੱਲ ਦੱਸੀ ਤਾਂ ਉਹ ਚੁੱਪ ਕੀਤਾ ਹੀ ਰਹਿ ਗਿਆ। ਉਹਦੇ ਤਾਂ ਜਿਵੇਂ ਹੋਸ਼ ਹੀ ਮਾਰੇ ਗਏ ਹੋਣ। ਉਹ ਸੋਚਣ ਲੱਗਿਆ, ਰਾਤ ਪਿੰਡ ਵਿਚ ਰੌਲਾ ਏਸੇ ਕਰਕੇ ਪੈਂਦਾ ਹੋਵੇਗਾ। ਰਾਤ ਸਰਪੰਚ ਉਹਨੂੰ ਬਿਨਾਂ ਦੱਸੇ ਹੀ ਪੌੜੀਆਂ ਉਤਰ ਗਿਆ ਸੀ।

ਹਮੀਰੋ ਦੀਆਂ ਅੱਖਾਂ ਲਾਲ ਝਰੰਗ ਸਨ। ਉਹਦੀਆਂ ਅੱਖਾਂ ਵਿਚੋਂ ਲਹੂ ਚਿਉਂਦਾ ਸੀ। ਉਹ ਰੋ ਵੀ ਨਹੀਂ ਰਹੀ ਸੀ। ਸਰਪੰਚ ਦੇ ਘਰ ਆ ਕੇ ਉਹ ਚੁਬਾਰੇ ਦੀਆਂ ਪੌੜੀਆਂ ਚੜ੍ਹੀ। ਸੁਰਜੀਤ ਦੇ ਮੰਜੇ ਕੋਲ ਭੁੰਜੇ ਬੈਠ ਕੇ ਉਹਨੇ ਦੋ ਗੱਲਾਂ ਹੀ ਕੀਤੀਆਂ। ਸਰਪੰਚ ਨੇ ਅੱਧੇ-ਪੌਣੇ ਘੰਟੇ ਵਿਚ ਹੀ ਉਨ੍ਹਾਂ ਦੇ ਜਾਣ ਦਾ ਪ੍ਰਬੰਧ ਕਰ ਦਿੱਤਾ।

ਟਰੈਕਟਰ ਦੇ ਇਕ ਮੱਡ-ਗਾਰਡ ਉਤੇ ਸੁਰਜੀਤ ਆਪਣਾ ਬੈਗ ਸੰਭਾਲੀਂ ਬੈਠਾ ਸੀ, ਦੂਜੇ ਮੱਡ-ਗਾਰਡ ਉਤੇ ਹਮੀਰੋ। ਸਰਪੰਚ ਦਾ ਮੁੰਡਾ ਸਟੇਅਰਿੰਗ ਉਤੇ ਸੀ। ਟਰੈਕਟਰ ਫੱਰਾਟੇ ਛੱਡਦਾ ਪਿੰਡ ਦੀ ਫਿਰਨੀ ਪੈ ਕੇ ਪੱਕੀ ਸੜਕ ਉਤੇ ਜਾ ਚੜ੍ਹਿਆ।

---

## ਪ੍ਰਾਪਤ ਪੁਸਤਕਾਂ

* **ਸਵਾਲ ਦਰ ਸਵਾਲ** (ਕਹਾਣੀ ਸੰਗ੍ਰਹਿ), ਰਾਮ ਸਰੂਪ ਅਣਖੀ; ਮਿਲਣ ਦਾ ਪਤਾ : ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਨਵੀਂ ਦਿੱਲੀ-6, ਸਫੇ 304, ਮੁਲ : 50 ਰੁਪੈ
* **ਧੁੱਪ ਦੇ ਨਕਸ਼** (ਕਾਵਿ-ਸੰਗ੍ਰਹਿ); ਭੂਪਿੰਦਰ, ਸਰਘੀ ਪ੍ਰਕਾਸ਼ਨ, ਸੰਗਰੂਰ, ਸਫੇ 88, ਮੁਲ : ਦਸ ਰੁਪੈ
* **ਵਿਚਿਤ੍ਰਾ** (ਕਥਾ-ਕ੍ਰਿਤੀ), ਨਿਰਮਲ ਅਰਪਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਸਫ਼ੇ 88, ਮੁਲ : ਦਸ ਰੁਪੈ

ਕਿਸ਼ਨ ਸਿੰਘ

## ਜਾਤ ਪਾਤ ਤੇ ਸਿੱਖ-ਲਹਿਰ

''ਜੱਟਵਾਦ'' ਵਾਲੇ ਮੇਰੇ ਲੇਖ ਦੇ ਖ਼ਿਲਾਫ਼ ਇਕ ਮੂਲ ਇਤਰਾਜ਼ ਇਹ ਹੈ ਕਿ ਮੈਂ ਜਾਤ-ਪਾਤ ਦਾ ਮਸਲਾ ਸਿਰਫ਼ 'ਜੱਟਵਾਦ ਤੇ ਸਿੱਖੀ' ਦੇ ਪ੍ਰਸੰਗ ਵਿਚ ਕਿਉਂ ਉਠਾਇਆ ਹੈ, ''ਇਸ ਨੂੰ ਸਮੁਚੇ ਆਰਥਕ-ਸਮਾਜਕ-ਰਾਜਸੀ ਪ੍ਰਸੰਗ ਵਿਚ ਉਠਾਇਆ ਜਾਣਾ ਚਾਹੀਦਾ ਸੀ।'' (ਹਰਭਜਨ ਹਲਵਾਰਵੀ) ਇਹ ਇਤਰਾਜ ਅਜੀਬ ਹੈ। ਮੈਂ ਇਕ ਮਜ਼ਮੂਨ ਲਿਆ ਹੈ, ਦੂਸਰਾ ਕਿਉਂ ਨਹੀਂ ਲਿਆ ?! ਜੇ ਕੋਈ ਕਿਸੇ ਵਿਸ਼ੇ 'ਤੇ ਲਿਖੇ ਤਾਂ ਉਸ ਦੀ ਬਾਬਤ ਜਾਇਜ਼ ਸਵਾਲ ਇਕ ਹੀ ਹੁੰਦਾ ਹੈ ਕਿ ਜੋ ਉਸ ਦੀ ਬਾਬਤ ਉਸ ਨੇ ਲਿਖਿਆ ਹੈ ਉਹ ਸਹੀ ਹੈ ਕਿ ਨਹੀਂ। ਜੋ ਮਜ਼ਮੂਨ ਮੈਂ ਲਿਆ ਹੈ ਉਹ ਸਾਡੇ ਕਲਚਰਲ ਕੰਪਲੈਕਸ ਦਾ ਅੰਗ ਹੈ। ਅੰਗ ਹੁੰਦਾ ਹੋਇਆ ਉਹ ਆਪਣੇ ਆਪ ਵਿਚ ਮਜ਼ਮੂਨ ਹੈ। ਕਿਸੇ ਹੋਰ ਮਜ਼ਮੂਨ ਦੀ ਨਿਰੀ ਚੂਰੂ ਹੀ ਨਹੀਂ।

ਸਿੱਖੀ ਸਾਡਾ ਕਲਚਰਲ ਵਿਰਸਾ ਹੈ। ਸਿੱਖ ਵਸੋਂ ਵਿਚ ਇਹ ਐਨਾ ਜੀਊਂਦਾ ਜਜ਼ਬਾ ਹੈ ਕਿ ਅਜ ਵੀ ਇਸ ਦਾ ਮਜ਼ੁਬੀ, ਕਲਚਰਲ ਰੋਲ ਹੀ ਨਹੀਂ, ਸਿੱਧਾ ਸਿਆਸੀ ਰੋਲ ਵੀ ਹੈ। ਇਹ ਜਜ਼ਬਾ ਕਿਸ ਜਮਾਤੀ ਪੈਂਤੜੇ 'ਤੇ ਭੁਗਤਦਾ ਹੈ, ਜਾਂ ਭੁਗਤਾਇਆ ਜਾਦਾ ਹੈ ਇਹ ਸੁਟ ਪਾਉਣ ਵਾਲਾ ਸਵਾਲ ਨਹੀਂ। ਗੁਰਬਾਣੀ ਦੇ ਅਸਲੇ ਨੂੰ, ਸਿੱਖ ਲਹਿਰ ਦੇ ਜਮਾਤੀ ਪੈਂਤੜੇ ਨੂੰ ਮੈਂ ਚਿਰਾਂ ਤੋਂ ਉਜਾਗਰ ਕਰਦਾ ਆਇਆ ਹਾਂ। ਅਗਲੇ ਪਾਏ ਵਿਗਾੜਾਂ ਤੋਂ ਅੱਗੇ ਇਹਨਾਂ 'ਤੇ ਇਕ ਹੋਰ ਹਮਲਾ ਹੋਇਆ। ਮੈਂ ਇਸ ਉਪੱਦਰ ਨੂੰ ਨੰਗਿਆ ਕਰਨਾ ਹੀ ਸੀ। ਇਸ ਮੁਹਾਜ਼ 'ਤੇ ਇਹ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਮਸਲਾ ਹੈ। ਮੇਰੇ ਵਾਸਤੇ ਇਸ 'ਤੇ ਧਿਆਨ ਕੇਂਦਰਤ ਕਰਾਉਣਾ ਲਾਜ਼ਮੀ ਸੀ। ਮੈਂ ਇਸ ਨੂੰ ਘੱਟੇ ਕੌਡੀਆਂ ਨਹੀਂ ਸਾਂ ਰਲਣ ਦੇ ਸਕਦਾ।

ਇਸ ਤੋਂ ਉਪਰੰਤ ਪਿੰਡ ਦੇ ਸੀਨ 'ਤੇ ਸਰਮਾਇਆ ਪਹੁੰਚ ਗਿਆ ਹੈ। ਪਹੁੰਚ ਹੀ ਨਹੀਂ ਗਿਆ, ਕਾਬਜ਼ ਹੋ ਗਿਆ ਹੈ। ਬੁਰਜੁਆ ਰਿਸ਼ਤੇ ਕਾਇਮ ਹੋ ਗਏ ਹਨ। ਆਰਥਕ ਪੱਧਰ 'ਤੇ ਜਮਾਤੀ ਨਿਖੇੜ ਤੇਜ਼ੀ ਨਾਲ ਹੋ ਰਿਹਾ ਹੈ। ਪਰ ਜਟਊਪੁਣਾ ਜਮਾਤੀ ਜਦੋ-ਜਹਿਦ ਦੀ ਮੁਮਕਿਨ ਤੇਜ਼ੀ ਨੂੰ ਢਿੱਡ ਵਿਚ ਪਾਈ ਬੈਠਾ ਹੈ। ਜਮਾਤੀ ਜਦੋ-ਜਹਿਦ ਨੂੰ ਮਰੋੜਾ ਚਾੜ੍ਹ ਕੇ ਜਾਤ-ਪਾਤੀ ਖਹਿ ਬਣਾਈ ਬੈਠਾ ਹੈ। ਇਸ ਨੂੰ ਨਿਖੇੜ ਕੇ ਪੇਸ਼ ਕਰਨਾ ਜ਼ਰੂਰੀ ਹੈ। ਇਸ ਨੂੰ ਤਰਾਸ਼ ਕੇ ਨਾ ਪੇਸ਼ ਕਰਨਾ ਪਿੰਡ ਦੇ ਸੀਨ ਨਾਲ, ਉਥੇ ਆਜ਼ਾਦੀ ਦੀ ਜਦੋ-ਜਹਿਦ ਨਾਲ ਘੋਰ ਬੇਇਨਸਾਫੀ ਹੈ। ਇਹ ਵੀ ਉਥੋਂ ਦੀ ਜ਼ਾਤ ਪਾਤੀ ਕਾਬਜ਼ ਕਲਚਰ ਦੇ ਵਿਰੁਧ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੈ।



**ਤੀਸਰੇ**, ਸਾਡੇ ਮੁਲਕ, ਸਾਡੇ ਸਮਾਜ ਦਾ ਕਲਚਰਲ ਕੰਪਲੈਕਸ ਇਕ ਮਹਾਨ ਮਜ਼ਮੂਨ ਹੈ ਜੋ ਨਾਲ ਲਗਵਾਂ ਨਹੀਂ ਨਜਿੱਠਿਆ ਜਾ ਸਕਦਾ। ਮੀਆਂ ਮਰ ਨਹੀਂ ਗਿਆ, ਰੋਜ਼ੇ ਮੁਕ ਨਹੀਂ ਗਏ। ਜੇ ਹਯਾਤੀ ਰਹੀ ਤਾਂ ਉਸ ਨੂੰ ਵੀ ਹੱਥ ਪਾਵਾਂਗੇ। **ਚੌਥੇ**, ਹਲਵਾਰਵੀ ਇਸ ਗੱਲ 'ਤੇ ਐਨਾ ਔਖਾ ਕਿਉਂ ਹੈ ਕਿ ਕਿਸ਼ਨ ਸਿੰਘ ਨੇ 'ਜਾਤ-ਪਾਤ' ਦੇ ਮਸਲੇ ਨੂੰ 'ਸਮੁਚੇ ਆਰਥਕ-ਸਮਾਜਕ ਰਾਜਸੀ ਪ੍ਰਸੰਗ ਵਿਚ ਕਿਉਂ ਨਹੀਂ ਲਿਆ ? ਇਹ ਕੋਈ ਤੋਕੜ ਮੱਝ ਹੈ ਜੋ ਕਿਸ਼ਨ ਸਿੰਘ ਦੇ ਹੱਥ 'ਤੇ ਪਈ ਹੋਈ ਹੈ ਤੇ ਹੋਰ ਕੋਈ ਉਸ ਦੀਆਂ ਧਾਰਾਂ ਨਹੀਂ ਕੱਢ ਸਕਦਾ ? ਹਲਵਾਰਵੀ ਦੇ ਅੱਗੇ ਕੋਈ ਦਰਿਆ ਵਗਦਾ ਹੈ ਕਿ ਉਹ ਜਾਤ-ਪਾਤ ਦੇ ਸਵਾਲ ਨੂੰ 'ਸਮੁਚੇ ਆਰਥਕ, ਸਮਾਜਕ, ਰਾਜਸੀ ਪ੍ਰਸੰਗ ਵਿਚ ਉਠਾ ਨਹੀਂ ਸਕਦਾ ? ਇਹ ਕਿਹੋ ਜਿਹੀ ਜ਼ਹਿਨੀਅਤ ਹੈ ਜੋ ਕੀਤਾ ਕਰਾਇਆ ਹੀ ਮੰਗਦੀ ਹੈ ਤੇ ਆਪ ਹੱਥ ਹਿਲਾਉਣ ਨੂੰ ਤਿਆਰ ਨਹੀਂ ? ਜੋ ਕਿਸੇ ਕਾਰਨ ਕਰਕੇ ਕਿਸ਼ਨ ਸਿੰਘ ਨੇ ਨਹੀਂ ਕੀਤਾ, ਜਾਂ ਉਸ ਕੋਲੋਂ ਨਹੀਂ ਹੋਇਆ ਉਹ ਹਲਵਾਰਵੀ ਜਾਂ ਕੋਈ ਹੋਰ ਕਰ ਦੇਵੇ। ਇਸ ਵਿਚ ਕੋਈ ਗਾਲ੍ਹ ਉਲ੍ਹਾਮਾ ਹੈ ?

**ਇਹ ਕਿਹੀ ਦਲੀਲਬਾਜ਼ੀ ਹੈ** ? ਮਾਰਕਸਵਾਦੀ ਨੁਕਤੇ ਤੋਂ ਹਲਵਾਰਵੀ ਹੋਰੀਂ ਅਮੂੜ੍ਹ ਅਨਪੜ੍ਹਾਂ ਵਾਲੀਆਂ, ਪਾਣੀ ਮਾਰੀਆਂ ਗੱਲਾਂ ਕਰਦੇ ਹਨ। ਲਿਖਦੇ ਹਨ ਕਿ 'ਇਸ ਧਾਰਨਾ ਦਾ ਅਰਥ ਇਹ ਬਣਦਾ ਹੈ ਕਿ ਸਿੱਖੀ ਨੇ ਜਾਤ-ਪਾਤ ਲਗਭਗ ਖਤਮ ਕਰ ਦਿੱਤੀ...ਪਰ ਕੀ ਸਿੱਖੀ ਨੇ ਸੱਚ-ਮੁਚ ਹੀ ਜਾਤ-ਪਾਤ ਖਤਮ ਕਰ ਦਿੱਤੀ ਸੀ ?'' ਸਿੱਖ ਲਹਿਰ ਅਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਸ਼ੁਰੂ ਹੋਈ ਸੀ। ਉਸ ਨੇ ਬੰਦੇ ਤੋਂ ਮਾਇਆ ਦੇ ਬੰਧਨ ਨੂੰ ਤੋੜਨ ਦਾ, ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਮਸਲਾ ਉਠਾਇਆ ਸੀ। ਉਸ ਵਕਤ ਚੇਤਨਤਾ ਦਾ ਰੂਪ ਮਜ਼ੁਬੀ ਸੀ। ਇਸ ਵਾਸਤੇ ਸਿੱਖ ਲਹਿਰ ਨੇ ਵੀ ਕੁਦਰਤੀ ਬੰਦੇ ਦੀ ਆਜ਼ਾਦੀ ਦੇ ਮਸਲੇ ਨੂੰ ਮਜ਼ੁਬੀ ਮੁਹਾਵਰੇ ਵਿਚ ਹੀ ਉਠਾਇਆ। ਪਰ ਉਸ ਵਕਤ ਸਰਬਤ ਦੀ ਆਜ਼ਾਦੀ ਦੇ ਸਥਾਪਤ ਹੋਣ ਵਾਸਤੇ, ਜਮਾਤ-ਰਹਿਤ ਸਮਾਜ ਦੇ ਵਜੂਦ ਵਿਚ ਆਉਣ ਨੂੰ ਪਦਾਰਥਕ ਹਾਲਾਤ ਰਾਹ ਨਹੀਂ ਸਨ ਦੇਂਦੇ। ਅਜ ਚੇਤਨਤਾ ਦਾ ਰੂਪ ਸੈਕੂਲਰ ਹੈ। ਮੁਹਾਵਰਾ ਸਾਇੰਟਿਫਿਕ ਹੈ। ਅਜ ਬੰਦੇ ਦੀ ਆਜ਼ਾਦੀ ਦਾ ਮਸਲਾ ਮਾਰਕਸਵਾਦ ਦੇ ਸਿਧਾਂਤ ਰਾਹੀਂ ਪੇਸ਼ ਹੈ। ਅਜ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਵਲੋਂ ਰਾਹ ਸਾਫ਼ ਹੀ ਨਹੀਂ, ਮੋਕਲਾ ਵੀ ਹੈ। ਅਜ ਜਮਾਤ-ਰਹਿਤ ਸਮਾਜ ਦੀ, ਸਰਬਤ ਦੀ ਆਜ਼ਾਦੀ ਦੀ ਸਥਾਪਨਾ ਮੁਮਕਿਨ ਹੀ ਨਹੀਂ, ਇਤਿਹਾਸਕ ਏਜੰਡੇ 'ਤੇ ਹੈ। ਪਰੋਲਤਾਰੀ ਦੇ ਪੈਂਤੜੇ ਦਾ ਬੁਰਜੁਆ ਪੈਂਤੜੇ, ਬੁਰਜੁਆਜ਼ੀ ਤੇ ਉਸ ਦੀ ਕਲਚਰ ਨਾਲ ਜੋ ਅਜ ਰਿਸ਼ਤਾ ਹੈ ਉਸ ਵਕਤ ਉਹ ਹੀ ਰਿਸ਼ਤਾ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਲਹਿਰ ਦਾ ਫਿਊਡਲ ਦੇ ਪੈਂਤੜੇ, ਫਿਊਡਲ ਜਮਾਤ ਤੇ ਉਸ ਦੀ ਕਲਚਰ ਨਾਲ ਸੀ। ਮੈਂ ਹਲਵਾਰਵੀ ਹੋਰਾਂ ਦੇ ਸਿੱਖੀ ਦੇ ਪ੍ਰਸੰਗ ਵਿਚ ਪੁੱਛੇ ਸਵਾਲ ਨੂੰ ਹੀ, ਉਹਨਾਂ ਕੋਲੋਂ ਹੀ, ਅਜ ਦੇ ਪ੍ਰਸੰਗ ਵਿਚ, ਉਹ ਹੀ ਸਵਾਲ ਪੁਛਦਾ ਹਾਂ। ਰੂਸ, ਚੀਨ ਆਦਿ ਜਿਨ੍ਹਾਂ ਮੁਲਕਾਂ ਵਿਚ ਮਾਰਕਸਵਾਦੀ ਲਹਿਰ ਨੇ ਸਮਾਜਵਾਦੀ ਇਨਕਲਾਬ ਲਿਆਂਦੇ, ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕੀਤੀ, ਕੀ ਉਥੇ ਮਾਰਕਸਵਾਦ ਜਾਂ ਮਾਰਕਸਵਾਦੀ ਲਹਿਰ ਬੁਰਜੁਆਜ਼ੀ ਨੂੰ ਤੇ ਬੁਰਜੁਆ ਕਲਚਰ ਨੂੰ ਖਤਮ ਕਰ ਸਕੀ ਹੈ ? ਸਾਰੇ ਸਮਾਜ ਵਿਚੋਂ ਤਾਂ ਇਹਨਾਂ ਨੂੰ ਖਤਮ ਕਰਨ ਦੀ ਗੱਲ ਹੀ ਛੱਡੋ। ਕੀ ਮਾਰਕਸਵਾਦੀ ਲਹਿਰ ਇਹਨਾਂ ਨੂੰ ਆਪਣੇ ਆਪ ਵਿਚੋਂ ਵੀ ਖ਼ਤਮ ਕਰ ਸਕੀ ਹੈ ? ਲਹਿਰ ਦੀ ਗੱਲ ਵੀ ਇਕ ਪਾਸੇ ਰਹਿਣ ਦਿਉ। ਕੀ ਪਾਰਟੀ ਆਪਣੇ ਆਪ ਨੂੰ ਵੀ ਇਹਨਾਂ ਤੋਂ ਪਾਕ ਰਖ ਸਕੀ ਹੈ ? ਕੀ ਆਪਣੇ ਕਾਡਰ ਵਿਚੋਂ ਵੀ ਇਹਨਾਂ ਦਾ ਬੀਜ ਨਾਸ ਕਰ ਸਕੀ ਹੈ ?

ਸਾਰੇ ਕਾਡਰ ਨੂੰ ਵੀ ਮਾਰੋ ਕਾਠ । ਪਾਰਟੀ ਦੀ ਸਿਖਰਲੀ ਲੀਡਰਸ਼ਿਪ ਵਿਚੋਂ ਵੀ ਇਹਨਾਂ ਨੂੰ ਦੇਸ-ਨਿਕਾਲਾ ਦੇ ਸਕੀ ਹੈ ? ਕੀ **capitalist roaders** ਪਾਰਟੀ ਦੀ ਸਿਖਰਲੀ ਲੀਡਰਸ਼ਿਪ ਵਿਚੋਂ ਵੀ ਲਗਾਤਾਰ ਪੈਦਾ ਨਹੀਂ ਹੋ ਰਹੇ ? ਜਮਾਤ-ਰਹਿਤ ਸਮਾਜ ਵੀ ਸਥਾਪਤੀ ਨੂੰ ਰਾਹ ਮਿਲਣ ਦੇ ਪ੍ਰਸੰਗ ਵਿਚ ਵੀ ਸਾਰੀਆਂ ਪਾਰਟੀਆਂ ਦੀਆਂ ਪਾਰਟੀਆਂ ਹੀ ਆਪਣਾ ਰੰਗ ਨਹੀਂ ਵਟਾ ਗਈਆਂ ?

ਸਿਰਫ਼ ਇਹ ਹੀ ਗੱਲ ਨਹੀਂ । ਕੀ ਸਮਾਜਵਾਦੀ ਇਨਕਲਾਬ ਦੇ ਆਉਣ ਨਾਲ ਇਹ ਮੁਮਕਿਨ ਹੈ ਕਿ ਬੁਰਜੁਆਜ਼ੀ ਤੇ ਉਸ ਦੀ ਕਲਚਰ ਖਤਮ ਹੋ ਜਾਣ ? ਕੀ ਹਲਵਾਰਵੀ ਹੋਰਾਂ ਨੂੰ ਇਹ ਅਹਿਸਾਸ ਹੈ ਕਿ ਸਮਾਜਵਾਦੀ ਇਨਕਲਾਬ ਦੇ ਆਉਣ ਤੋਂ ਲਗ ਕੇ ਕਮਿਊਨਿਸਟ ਸਮਾਜ ਦੇ, ਜਮਾਤ-ਰਹਿਤ ਸਮਾਜ ਦੇ ਸਥਾਪਤ ਹੋਣ ਦਾ, ਦੂਸਰੇ ਲਫ਼ਜ਼ਾਂ ਵਿਚ ਬੁਰਜੁਆਜ਼ੀ ਤੇ ਉਸ ਦੀ ਕਲਚਰ ਦੇ ਖਤਮ ਹੋਣ ਦਾ, ਮਸਲਾ ਪੂਰੇ ਇਤਿਹਾਸਕ ਦੌਰ ਦਾ, ਸ਼ਾਇਦ ਉਸ ਤੋਂ ਵੀ ਜ਼ਿਆਦਾ ਅਰਸੇ ਦਾ ਮਸਲਾ ਹੈ ? ਇਨਕਲਾਬ ਦੇ ਮਗਰੋਂ ਵੀ, ਸਾਰੇ ਇਤਿਹਾਸਕ ਦੌਰ ਵਿਚ ਲਗਾਤਾਰ ਜਮਾਤੀ ਜਦੋ-ਜਹਿਦ ਕਰੀ ਜਾਣ ਦਾ, ਅਤੇ ਕੀਤੀ ਜਾ ਰਹੀ ਵਿਚ ਲਗਾਤਾਰ ਸਾਰੇ ਇਤਿਹਾਸਕ ਦੌਰ ਵਿਚ ਉਤਲੇ ਪੱਲੇ ਰਹਿਣ ਦਾ ਮਸਲਾ ਹੈ ? ਅਜ ਵੀ ਜਮਾਤ-ਰਹਿਤ ਸਮਾਜ ਦੀ ਸਥਾਪਤੀ, ਦੂਸਰੇ ਲਫ਼ਜ਼ਾਂ ਵਿਚ ਬੁਰਜੁਆਜ਼ੀ ਤੇ ਉਸ ਦੀ ਕਲਚਰ ਦਾ ਖਾਤਮਾ ਦੂਰ ਭਵਿਖ ਦੀ ਕੁੱਖ ਵਿਚ ਹੈ । ਜੇ ਸਮਾਜ ਦੀ ਡਾਇਲੈਕਟਿਕ ਤੌਰ ਦੀ ਕਰਨੀ ਇਉਂ ਹੈ ਤਾਂ ਹਲਵਾਰਵੀ ਹੋਰਾਂ ਦਾ ਇਹ ਸਵਾਲ ਪੁਛਣਾ ਕਿ 'ਕੀ ਸਿੱਖੀ ਨੇ ਸੱਚਮੁਚ ਹੀ ਜਾਤ ਪਾਤ ਖਤਮ ਕਰ ਦਿੱਤੀ ਸੀ' ਕੀ ਜ਼ਾਹਿਰ ਕਰਦਾ ਹੈ ? ਜ਼ਾਹਿਰ ਇਹ ਕਰਦਾ ਹੈ ਕਿ ਉਹਨਾਂ ਨੂੰ ਨਾ ਸਮਾਜ ਦੀ ਉਸਾਰੀ ਦੇ ਕਾਨੂੰਨ ਦੀ ਵਾਕਫ਼ੀਅਤ ਹੈ, ਨਾ ਸਮਾਂਜ ਦੀ ਡਾਇਲੈਕਟਿਕ ਤੌਰ ਦੀ ਸਮਝ ਹੈ ਤੇ ਨਾ ਹੀ ਮਾਰਕਸਵਾਦ ਦਾ ਗਿਆਨ ਹੈ ।

ਹਜ਼ਾਰ ਵਾਰ ਇਹ ਅਗੇ ਸਪਸ਼ਟ ਕੀਤਾ ਜਾ ਚੁਕਾ ਹੈ ਕਿ ਉਸ ਵੇਲੇ ਪਦਾਰਥਕ ਹਾਲਾਤ ਚੂੰਕਿ ਰਾਹ ਨਹੀਂ ਸਨ ਦੇਂਦੇ, ਇਸ ਵਾਸਤੇ ਸਿੱਖ ਲਹਿਰ ਸਰਬਤ ਦੀ ਆਜ਼ਾਦੀ ਵਾਲਾ ਨਿਜ਼ਾਮ ਸਥਾਪਤ ਕਰਨੋਂ ਅਸਮਰੱਥ ਰਹੀ । ਜੇ ਉਹ ਐਸਾ ਸਮਾਜ ਸਥਾਪਤ ਕਰਨੋਂ ਹੀ ਅਸਮਰੱਥ ਰਹੀ ਤਾਂ ਉਹ ਸਾਰੇ ਸਮਾਜ ਵਿਚੋਂ ਹਾਕਮ ਜਮਾਤ ਦੀ ਕਲਚਰ ਨੂੰ, ਜਾਤ ਪਾਤ ਨੂੰ ਜੜ੍ਹੋਂ ਕਿਵੇਂ ਉਖੇੜ ਦੇਂਦੀ ? ਇਹ ਦਾਹਵਾ ਕਿਸ ਨੇ ਕੀਤਾ ਹੈ ਕਿ ਸਿੱਖ ਲਹਿਰ ਨੇ ਸਾਰੇ ਸਮਾਜ ਵਿਚੋਂ ਜਾਤ ਪਾਤ ਖਤਮ ਕਰ ਦਿੱਤੀ ਸੀ ? ਐਸਾ ਦਾਹਵਾ ਉਹ ਹੀ ਕਰ ਸਕਦਾ ਹੈ ਜਿਸ ਨੂੰ ਸਮਾਜ ਦੀ ਡਾਇਲੈਕਟਿਕ ਦੀ ਸਮਝ ਨਾ ਹੋਵੇ । ਜਿਸ ਦੇ ਪਰੋਸ਼ਟਿਆਂ ਨੂੰ ਵੀ ਇਹ ਖਬਰ ਨਾ ਹੋਵੇ ਕਿ ਸਰਬਤ ਦੀ ਆਜ਼ਾਦੀ ਵਾਲਾ ਸਮਾਜ ਸਥਾਪਤ ਹੋਣਾ ਕਦੋਂ ਮੁਮਕਿਨ ਹੈ ?

**ਸਿੱਖ ਲਹਿਰ ਦਾ ਜੁੱਸਾ** : ਬਾਕੀ ਰਹਿ ਗਈ ਸਿੱਖ ਲਹਿਰ ਦੇ ਅੰਦਰਲੇ ਦੀ ਗੱਲ । ਉਸ ਦੇ ਆਪਣੇ ਜੁੱਸੇ ਦੀ ਗੱਲ । ਇਹ ਤਾਂ ਸਾਫ਼ ਹੀ ਹੈ ਕਿ ਡਾਇਲੈਕਟਿਕ ਤਾਂ ਸਿੱਖ ਲਹਿਰ ਦੇ ਅੰਦਰ ਵੀ ਸੀ ਤੇ ਹੋਣੀ ਲਾਜ਼ਮੀ ਵੀ ਸੀ : ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਸਮਾਜ ਵਿਚ ਵਿਰੋਧੀ ਪੈਂਤੜਾ ਬਰਕਰਾਰ ਹੋਵੇ ਤੇ ਇਨਕਲਾਬੀ ਲਹਿਰ ਦੇ ਅੰਦਰੋਂ ਉਸ ਦਾ ਬੀਜ ਨਾਸ ਹੋ ਜਾਵੇ । ਸਵਾਲ ਹੈ ਆਪਸ ਵਿਚ ਵਿਰੋਧੀ ਪੈਂਤੜਿਆਂ ਦੀ ਮੁਕਾਬਲਤਨ ਤਾਕਤ ਦਾ । ਇਹ ਤਾਂ ਕਿਸੇ ਕੋਲੋਂ ਵੀ ਗੁੱਝਾ ਹੋਇਆ ਨਹੀਂ ਕਿ ਗੁਰੂ ਸਾਹਿਬਾਨ ਦੇ ਵਿਰੋਧੀ, ਗੁਰੂ ਘਰ ਵਿਚੋਂ ਹੀ ਬਾਰ ਬਾਰ ਪੈਦਾ ਹੁੰਦੇ ਆਏ । ਪਰ ਸਵਾਲ ਇਹ ਹੈ ਕਿ ਲਹਿਰ ਵਿਚ ਉਹਨਾਂ ਦਾ ਵਜ਼ਨ ਕੀ ਸੀ । ਨਾਂ-ਮਾਤਰ । ਉਹ ਲਹਿਰ ਵਿਚੋਂ ਐਂ ਬੇਦਖਲ ਕੀਤੇ ਜਾਂਦੇ ਰਹੇ ਜਿਵੇਂ ਮੱਖਣ 'ਚੋਂ ਵਾਲ । ਸਿੱਖ ਲਹਿਰ ਦੀ ਅੰਦਰਲੀ ਇਨਕਲਾਬੀ ਮਜ਼ਬੂਤੀ ਦਾ, ਇਸ ਨੁਕਤੇ ਤੋਂ ਉਸ ਦੀ ਮਹਾਨਤਾ ਦਾ ਅੰਦਾਜ਼ਾ ਤਾਂ ਲਗਦਾ ਹੈ ਜੇ



ਇਕ ਪਾਸੇ ਤੋਂ ਇਹ ਧਿਆਨ ਵਿਚ ਰਖਿਆ ਜਾਵੇ ਕਿ ਬ੍ਰਾਹਮਣੀ ਸਮਾਜ ਤੇ ਉਸ ਦਾ ਜਾਤ ਪਾਤੀ ਢਾਂਚਾ ਕਿੰਨਾ ਘੋਰ ਅੰਧਾਰ ਸੀ, ਕਿੰਨਾ ਚੀਹੜਾ ਸੀ, ਤੇ ਮਨੁਖੀ ਏਕਤਾ, ਬਰਾਦਰੀ ਤੇ ਆਜ਼ਾਦੀ ਦਾ ਕਿੰਨਾ ਘਾਤਕ ਸੀ । ਤੇ ਦੂਸਰੇ ਪਾਸੇ ਤੋਂ ਉਸ ਦਾ ਮੁਕਾਬਲਾ ਉਹਨਾਂ ਮਾਰਕਸਵਾਦੀ ਲਹਿਰਾਂ ਨਾਲ ਕੀਤਾ ਜਾਵੇ ਜਿਨ੍ਹਾਂ ਇਨਕਲਾਬ ਲਿਆਂਦੇ ਹਨ, ਤੇ ਵੇਖਿਆ ਜਾਵੇ ਕਿ ਇਨਕਲਾਬ ਲਿਆਉਣ ਦੇ ਦੌਰ ਵਿਚ, ਉਹਨਾਂ ਵਿਚ ਬੁਰਜੁਆ ਅੰਸਰ ਦੀ ਤਾਕਤ ਕਿੰਨੀ ਕੁ ਰਹਿੰਦੀ ਆਈ ਹੈ ਤੇ ਸਿੱਖ ਲਹਿਰ ਵਿਚ ਵਿਰੋਧੀ ਪੈਂਤੜਾ ਕਿੰਨੀ ਕੁ ਹੈਸੀਅਤ ਦਾ ਮਾਲਕ ਰਿਹਾ ਹੈ । ਗੁਰੂ ਸਾਹਿਬਾਨ ਦੇ ਵਿਰੋਧੀ ਪੈਦਾ ਹੁੰਦੇ ਰਹੇ, ਬੋਹੜ ਬਹੁਤ ਨੁਕਸਾਨ ਤਾਂ ਪੁਚਾਉਂਦੇ ਰਹੇ ਪਰ ਸਿੱਖ ਲਹਿਰ ਦੇ ਅੰਦਰੋਂ ਅੰਤ ਧੂੜ ਦੇ ਬਦਲਾਂ ਵਾਂਗ ਉਡਦੇ ਰਹੇ । ਉਹ ਆਪਣੀਆਂ ਜੜ੍ਹਾਂ ਲਹਿਰ ਵਿਚ ਨਾ ਲਾ ਸਕੇ । ਗੱਦੀ 'ਤੇ ਬੈਠੇ ਗੁਰੂ ਸਾਹਿਬਾਨ ਦੀ ਲੀਡਰਸ਼ਿਪ ਨੂੰ ਤਾਂ ਉਹਨਾਂ ਵੰਗਾਰਨਾ ਹੀ ਕੀ ਸੀ ? ਲਹਿਰ ਦੀ ਪੱਕਿਆਈ ਨੂੰ ਪਰਖਣ ਵਾਸਤੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਪੈਂਤੜੇ ਦੀ ਕਰਨੀ ਦਾ ਉਲੰਘਣ ਕੀਤਾ । ਅਗਲਿਆਂ ਉਸੇ ਵੇਲੇ ਪੇਸ਼ੀ ਕਰ ਲਈ । ਬੰਦਾ ਪੈਂਤੜੇ ਦੀ ਲੀਹੋਂ ਉਤਰਿਆ ਹਰ ਇਕ ਨੂੰ ਦਿਸਦਾ ਸੀ ਕਿ ਉਹਨਾਂ ਹਾਲਾਤ ਵਿਚ ਆਪਸ ਵਿਚ ਨਿਖੇੜ ਫ਼ੌਜੀ ਨੁਕਤੇ ਤੋਂ ਬਹੁਤ ਨੁਕਸਾਨ-ਦੇਹ ਸੀ । ਨਿਰੋਲ ਫ਼ੌਜੀ ਨੁਕਤੇ ਤੋਂ ਵੇਖਿਆਂ ਆਪਸ ਵਿਚ ਨਿਖੇੜ ਹਕੂਮਤ ਦੇ ਹੱਥ ਵਿਚ ਖੇਡਣ ਵਾਲੀ ਗੱਲ ਸੀ । ਪਰ ਤੱਤ ਖਾਲਸੇ ਨੇ ਫ਼ੌਜੀ ਨੁਕਤੇ ਦੇ ਆਰਜ਼ੀ ਹਾਨ ਲਾਭ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਪੈਂਤੜੇ ਦੀ ਪੱਕਿਆਈ ਨੂੰ ਤਰਜੀਹ ਦਿੱਤੀ ਤੇ ਬੰਦੇ ਦਾ ਸਾਥ ਛੱਡ ਦਿੱਤਾ । ਗੁਰੂ ਸਾਹਿਬ ਦੇ ਜਾਣ ਮਗਰੋਂ ਅੱਧੀ ਸਦੀ ਤੋਂ ਉਪਰ ਗੁਰੀਲਾ ਜੰਗ ਪੈਂਤੜੇ ਦੀ ਸੇਧੇ ਚਲਦੀ ਰਹੀ ਤੇ ਚੂਹੜੇ ਵੀ ਖਾਲਸੇ ਦੇ ਜਰਨੈਲ ਬਣਦੇ ਰਹੇ । ਇਸ ਸਾਰੇ ਦੌਰ ਵਿਚ ਲਹਿਰ ਦੀ ਅਗਵਾਈ ਆਜ਼ਾਦੀ ਦੇ ਪੈਂਤੜੇ ਵਾਲਿਆਂ ਦੇ ਹੱਥ ਵਿਚ ਹੀ ਰਹੀ ।

ਪਰ ਇਉਂ ਗੱਲ ਕੀਤਿਆਂ ਗੱਲ ਦੀ ਗੁਲੀ ਹੱਥ ਨਹੀਂ ਆਉਂਦੀ । ਲਹਿਰ ਦੇ ਜਮਾਤੀ ਜੁੱਸੇ ਤੇ ਪੈਂਤੜੇ ਦੀ ਜਮਾਤੀ ਵਸਤੂ ਸਪਸ਼ਟ ਨਹੀਂ ਹੁੰਦੀ । ਅੱਧੀ ਸਦੀ ਤੋਂ ਉਪਰ ਲਗਾਤਾਰ ਪੈਂਤੜੇ ਦੀ ਸੇਧੇ ਕੀਤੀ, ਤੱਤ ਖਾਲਸੇ ਦੀ ਗੁਰੀਲਾ ਜੰਗ ਸਹੀ ਅਰਥਾਂ ਵਿਚ, ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ, ਸਰਬਤ ਦੀ ਆਜ਼ਾਦੀ ਲਈ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ, ਲੋਕ-ਜੰਗ ਸੀ । ਇਸ ਲੋਕ-ਜੰਗ ਦਾ ਆਧਾਰ ਸੀ ਗੁਰੂ ਗੋਬਿੰਦ ਸਿੰਘ ਦਾ ਸਿਰਜਿਆ ਹੋਇਆ ਖਾਲਸਾ । ਅਤੇ ਉਸ ਖਾਲਸੇ ਦਾ ਮਨੁਖੀ ਮੂਲ ਸੀ ਗੁਰਬਾਣੀ ਦੇ ਆਧਾਰ 'ਤੇ ਗੁਰੂ ਸਾਹਿਬਾਨ ਦਾ ਲਿਆਂਦਾ ਦੋ ਸੌ ਸਾਲ ਦਾ ਕਲਚਰਲ ਇਨਕਲਾਬ । ਖਾਲਸੇ ਦੀ ਸਿਰਜਣਾ ਦਾ ਆਧਾਰ ਹੀ ਬ੍ਰਾਹਮਣੀ ਢਾਂਚੇ ਤੇ ਉਸ ਦੀ ਕਲਚਰ ਦਾ ਨਾਸ ਸੀ । ਪੰਜਾਂ ਪਿਆਰਿਆਂ ਵਿਚੋਂ ਇਕ ਹੀ ਸੀ ਉਚ ਜਾਤੀ ਦਾ—ਖਤਰੀ । ਬਾਕੀ ਸਭ ਸਨ ਬ੍ਰਾਹਮਣੀ ਢਾਂਚੇ ਅਨੁਸਾਰ ਸ਼ੂਦਰ । ਜੱਟ ਉਸ ਵੇਲੇ ਸ਼ੂਦਰ ਹੀ ਸਨ, ਨਹੀਂ ਤੇ ਸ਼ੂਦਰ ਤੇ ਵੈਸ਼ਾਂ ਦੀ ਵੱਟ 'ਤੇ । ਪੰਜਾਂ ਪਿਆਰਿਆਂ ਵਿਚਲਾ ਜੱਟ ਪੰਜਾਬ ਦਾ ਨਹੀਂ ਸੀ । ਸ਼ਾਇਦ ਦੱਖਣੀ ਸੀ । ਪੰਜਾਂ ਪਿਆਰਿਆਂ ਦੀ ਸਿਰਜਣਾ ਬਣਾਉਟੀ ਜਾਂ ਦਿਖਾਵਾ ਦੇਣ ਵਾਲੀ ਗੱਲ ਨਹੀਂ ਸੀ । ਇਹ ਲਹਿਰ ਦੇ ਜੁੱਸੇ ਦਾ ਜਿਗਰੀ ਅਮਲ ਸੀ । ਲਹਿਰ ਦਾ ਦਿੱਤਾ 'ਭਾਈ' ਦਾ ਨਾਹਰਾ, ਇਕ ਮਾਂ ਪਿਉ ਜਾਏ—ਸਕੇ ਭਰਾ ਹੋਣ ਦਾ ਨਾਹਰਾ ਸੀ । ਇਹ ਕਾਮਰੇਡ ਨਾਲੋਂ ਵੀ ਨੇੜ ਦਾ ਨਾਹਰਾ ਸੀ । ਇਹ ਵਖਾਵਾ ਨਹੀਂ ਸੀ । ਅਸਲੀਅਤ ਦਾ ਇਜ਼ਹਾਰ ਸੀ । ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਆਪਣਾ ਸਰੂਪ ਬਣਾ ਕੇ ਹੀ ਸਿਰਜਿਆ ਸੀ । ਅਤੇ ਖਾਲਸਾ ਵੀ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਪਿਤਾ, ਆਪਣੇ ਮਨੁਖੀ ਤੁਖਮ ਤਾਸੀਰ ਦਾ ਸਿਰਜਣਹਾਰ ਹੀ ਮੰਨਦਾ ਸੀ ਅਤੇ ਇਸ 'ਤੇ

ਫਖਰ ਕਰਦਾ ਸੀ। ਗੁਰੂ ਗੋਬਿੰਦ ਸਿੰਘ ਦਾ ਸਪੁਤਰ ਹੋਣਾ ਹੀ ਖਾਲਸੇ ਦਾ ਆਦਰਸ਼ ਸੀ। ਉਸ ਦਾ ਸਹੀ ਸਪੁਤਰ ਹੋਣ ਵਾਸਤੇ ਹੀ ਖਾਲਸਾ ਜੀਉਂਦਾ ਤੇ ਮਰਦਾ ਸੀ। ਦਿਤੇ ਬੇਦਾਵੇ ਨੂੰ ਪੜਵਾਉਣਾ ਤੇ ਮੁੜ ਗੁਰੂ ਗੋਬਿੰਦ ਸਿੰਘ ਦੇ ਹੋਣਾ ਹੀ ਗੁਰੂ ਸਾਹਿਬ ਦੇ ਵਿਖਾਏ ਰਾਹ 'ਤੇ ਮੈਦਾਨੇ ਜੰਗ ਵਿਚ ਲੜ ਕੇ ਅਖੀਰਲੇ ਸਾਹਾਂ 'ਤੇ ਆਏ ਖਾਲਸੇ ਦੀ ਮੰਗ ਸੀ। ਗੁਰੂ ਗੋਬਿੰਦ ਸਿੰਘ ਦੇ ਵਾਸਤੇ, ਉਸ ਦੇ ਪਾਏ ਰਾਹ ਲਈ ਜੀਊਣਾ ਤੇ ਲੜ ਮਰਨਾ ਹੀ ਖਾਲਸੇ ਵਾਸਤੇ ਮੁਕਤੀ ਸੀ। ਜਿਨ੍ਹਾਂ ਨੂੰ ਖਾਲਸੇ ਦੀ ਕੀਤੀ ਗੁਰੀਲਾ ਜੰਗ ਦੀ ਜ਼ਰਾ ਵੀ ਪਰਖ ਹੈ ਉਹ ਹਲਵਾਰਵੀ ਦੀ ਬੋਲੀ ਨਹੀਂ ਬੋਲ ਸਕਦੇ। ਉਹਨਾਂ ਨੂੰ ਅਹਿਸਾਸ ਹੈ ਕਿ ਸਰਬਤ ਦੀ ਏਕਤਾ ਤੇ ਬਰਾਦਰੀ ਬਗੈਰ, ਸਹੀ ਅਰਥਾਂ ਵਿਚ ਲੋਕ-ਹਿੱਤ ਦੇ ਹੋਇਆਂ ਬਗੈਰ, ਸਰਬਤ ਦੀ ਆਜ਼ਾਦੀ ਵਾਸਤੇ ਬੰਦੇ ਦਵਾਲਿਉਂ ਮਾਇਆ ਦੇ ਬੰਧਨ ਨੂੰ ਤੋੜਨ ਵਾਸਤੇ ਗੁਰੀਲਾ ਜੰਗ ਨਹੀਂ ਲੜੀ ਜਾ ਸਕਦੀ। ਹਲਵਾਰਵੀ ਇਤਿਹਾਸਕ ਤੱਥਾਂ ਦੀ ਮੰਗ ਕਰਦਾ ਹੈ। ਹੈਰਾਨੀ ਹੈ ਕਿ ਉਸ ਨੂੰ ਮਾਇਆ ਦੇ ਬੰਧਨ ਨੂੰ ਤੋੜਨ ਲਈ ਕੀਤੀ ਗੁਰੀਲਾ ਜੰਗ ਦਾ ਤੱਥ ਦਿਸਦਾ ਹੀ ਨਹੀਂ। ਉਸ ਨੂੰ ਇਹ ਸਨਾਸ਼ ਹੀ ਨਹੀਂ ਕਿ ਫਿਊਡਲ ਦੇ ਜਮਾਤੀ ਪੈਂਤੜੇ ਦੀ, ਉਸ ਦੀ ਕਲਚਰ ਵੀ ਬਣਾਈ ਮਨੁਖੀ ਬਣਤਰ, ਬ੍ਰਾਹਮਣੀ ਢਾਂਚੇ ਦੀ ਢਾਲੀ ਮਨੁਖੀ ਬਣਤਰ ਦੀ ਇਹ ਪਾਇਆਂ ਹੀ ਨਹੀਂ ਸੀ ਹੋ ਸਕਦੀ ਕਿ ਉਹ ਮਾਇਆ ਦੇ ਬੰਧਨ ਨੂੰ ਤੋੜਨ ਵਾਸਤੇ ਗੁਰੀਲਾ ਜੰਗ ਲੜ ਸਕਦੀ, ਖਾਲਸੇ ਦੀ ਬਰਾਦਰੀ ਵਿਚ ਰਲ ਸਕਦੀ। ਹਾਕਮ ਜਮਾਤਾਂ ਤੇ ਉਹਨਾਂ ਦੀ ਮਨੁਖੀ ਬਣਤਰ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਕਦੇ ਲੋਕ-ਜੰਗ ਲੜ ਸਕਦੀ ਹੈ? ਜਾਤ ਪਾਤ ਦੀ ਊਚ ਨੀਚ, ਉਸ ਦੀ ਅੱਡੋ ਪਾਟੀ, ਉਸ ਦੀ ਬਣਾਈ ਹਰ ਇਕ ਦੀ ਅੱਡੋ ਅੱਡਰੀ ਢਾਈ ਪਾ, ਜਾਤ-ਪਾਤੀ ਹੈਂਕੜ ਐਸੀ ਲੋਕ-ਜੰਗ ਦੇ ਸੂਤ ਆ ਸਕਦੀ ਹੈ? ਐਸੀ ਗੁਰੀਲਾ ਜੰਗ ਦੀ ਪੰਜਾਲੀ ਜੁਪ ਸਕਦੀ ਹੈ??

**ਮਨ-ਭਾਉਂਦੇ ਕਢੇ ਅਰਥ** : ਹਲਵਾਰਵੀ ਕੁਰਾਹੇ ਪਿਆ ਔਝੜ ਤੇ ਬੇਬੁਨਿਆਦ ਗੱਲਾਂ ਕਹੀ ਜਾਂਦਾ ਹੈ। ਲਿਖਦਾ ਹੈ "...ਕਿਉਂਕਿ ਉਨ੍ਹਾਂ ਦੀ ਇਸ ਧਾਰਨਾ ਦਾ ਅਰਥ ਇਹ ਬਣਦਾ ਹੈ ਕਿ ਸਿੱਖੀ ਨੇ ਜਾਤ ਪਾਤ ਲਗਭਗ ਖਤਮ ਕਰ ਦਿੱਤੀ ਸੀ ਪਰ ਬੁਰਜੁਆਜ਼ੀ ਨੇ ਇਸ ਵਿਚ 'ਜੱਟਵਾਦ' ਦਾ ਪ੍ਰਵੇਸ਼ ਕਰ ਕੇ ਇਸ ਦਾ ਰੂਪ ਬੁਰਜੁਆ ਤੇ ਪਹਿਲਾਂ ਨਾਲੋਂ ਵਧ ਪੱਕਾ ਕਰ ਦਿੱਤਾ।" ਮੇਰੀ 'ਧਾਰਨਾਂ' ਦਾ ਅਰਥ ਹਲਵਾਰਵੀ ਨੇ ਇਹ ਕਢਿਆ ਲਗਦਾ ਹੈ ਕਿ ਮੈਂ ਆਖਿਆ ਹੈ ਕਿ ਬੁਰਜੁਆਜ਼ੀ ਦੇ ਸਮਾਜਕ ਸੀਨ 'ਤੇ ਆਉਣ ਤੋਂ ਪਹਿਲਾਂ ਸਿਖ ਵਸੋਂ ਵਿਚ ਜਾਤ ਪਾਤ ਨਹੀਂ ਸੀ। ਜੇ ਉਸ ਨੇ ਸੱਚੀਮੁਚੀਂ ਇਹ ਹੀ ਅਰਥ ਕਢਿਆ ਹੈ ਤਾਂ ਮੈਂ ਪੁਛਦਾ ਹਾਂ ਕਿ ਮੈਂ ਇਹ ਕਿਥੇ ਆਖਿਆ ਹੈ? ਕਦੋਂ ਆਖਿਆ ਹੈ? ਉਸ ਨੇ ਮੇਰੇ ਲਿਖੇ ਤੋਂ ਇਹ ਬੇਬੁਨਿਆਦ ਅਰਥ ਕਢਿਆ ਕਿਵੇਂ ਹੈ? ਇਹ ਧਾਰਨਾਂ' ਹਲਵਾਰਵੀ ਨੇ ਮੇਰੇ ਉਤੇ ਗੈਬੋਂ ਹੀ ਠੋਸੀ ਲਗਦੀ ਹੈ।

ਰਣਜੀਤ ਸਿੰਘ ਦੀ ਆਰਥਕ ਸਮਾਜਕ ਫ਼ਾਰਮੇਸ਼ਨ ਫਿਊਡਲ ਸੀ। ਸਾਡੇ ਫਿਊਡਲ ਸਮਾਜ ਦੀ ਕਲਚਰ ਜ਼ਾਤ ਪਾਤੀ ਸੀ, ਜਿਸ ਤਰ੍ਹਾਂ ਹੁਣ ਸਾਡੇ ਬੁਰਜੁਆ ਸਮਾਜ ਦੀ ਕਲਚਰ ਵੀ ਜਾਤ ਪਾਤੀ ਹੈ। ਅੰਨ੍ਹਿਆਂ ਨੂੰ ਵੀ ਪਤਾ ਹੈ ਕਿ ਰਣਜੀਤ ਸਿੰਘ ਦੀ ਆਰਥਕ ਸਮਾਜਕ ਫਾਰਮੇਸ਼ਨ ਵਿਚ ਜ਼ਾਤ ਪਾਤ ਸੀ। (ਸਿੱਖ ਵਸੋਂ ਵਿਚ ਜਾਤ ਪਾਤੀ ਕਲਚਰ ਦੀ ਪੱਕਿਆਈ ਪੰਜਾਬ ਦੀ ਜਾਂ ਬਾਕੀ ਮੁਲਕ ਦੀ ਹਿੰਦੂ ਵਸੋਂ ਦੇ ਮੁਕਾਬਲੇ 'ਤੇ ਕਿੰਨੀ ਸੀ, ਇਹ ਵੱਖਰੀ ਗੱਲ ਹੈ (ਚੂੰਕਿ ਨਿਜ਼ਾਮ ਫਿਊਡਲ ਸੀ, ਉਸ ਦੀ ਕਲਚਰ, ਉਸ ਦੀ ਜਾਤ ਪਾਤ ਦਾ ਅਸਲਾ ਫਿਊਡਲ ਸੀ। ਜਦੋਂ ਬੁਰਜੁਆਜ਼ੀ ਸਮਾਜਕ ਸੀਨ 'ਤੇ ਆਈ, ਇਸ ਨੇ ਪੈਦਾਵਾਰ ਦੇ ਰਿਸ਼ਤੇ, ਸਮਾਜਕ ਰਿਸ਼ਤੇ ਬੁਰਜੁਆ



ਬਣਾ ਲਏ। ਤੇ ਸਮਾਜਕ ਰਿਸ਼ਤਿਆਂ ਦੀ ਕਾਇਆਂ-ਪਲਟੀ ਨਾਲ ਇਸ ਨੇ ਸਮਾਜ ਦੇ ਉਸਾਰ ਨੂੰ ਵੀ, ਇਸ ਦੇ ਦੋਹਾਂ ਜੁਜ਼ਾਂ, ਸਟੇਟ 'ਤੇ ਕਲਚਰ, ਨੂੰ ਵੀ ਮੂਲ ਰੂਪ ਵਿਚ ਆਪਣੀ ਰਾਸੇ ਕਰ ਲਿਆ। ਜ਼ਾਤ ਪਾਤ ਵਿਚ ਵੀ ਬੁਰਜੁਆ ਅਸਲਾ ਪਾ ਲਿਆ ਤੇ ਉਸ ਨੂੰ ਵੀ ਆਪਣੇ ਜਮਾਤੀ ਹਿੱਤ ਦੀ ਪੰਜਾਲੀ ਜੋ ਲਿਆ, ਜਿਸ ਤਰ੍ਹਾਂ ਇਸ ਨੇ ਮਜ਼੍ਹਬੀ ਸੰਸਥਾਵਾਂ ਨੂੰ ਵੀ ਆਪਣਾ ਵਿਚਾਰਧਾਰਕ ਸੰਦ ਬਣਾ ਲਿਆ। ਕਾਬਜ਼ ਬੁਰਜੁਆਜ਼ੀ ਦਾ ਉਸਾਰ ਦੇ ਦੋਹਾਂ ਅੰਗਾਂ—ਸਟੇਟ ਤੇ ਕਲਚਰ—ਨੂੰ ਮੂਲ ਰੂਪ ਵਿਚ ਆਪਣੇ ਅਸਲੇ ਦੇ ਬਣਾ ਲੈਣਾ ਸਾਧਾਰਨ ਗੱਲ ਹੈ। ਇਹ ਕੋਈ ਅਲੋਕਾਰ ਗੱਲ ਨਹੀਂ। ਸਗੋਂ ਹੈਰਾਨੀ ਤੇ ਅਣਹੋਣੀ ਤਾਂ ਹੁੰਦੀ ਜੇ ਕਾਬਜ਼ ਬੁਰਜੁਆਜ਼ੀ ਇਉਂ ਨਾ ਕਰਦੀ। ਜੇ ਮੇਰੇ ਲਿਖੇ ਤੋਂ ਹਲਵਾਰਵੀ ਨੇ ਮਤਲਬ ਇਹ ਕਢਿਆ ਹੈ ਕਿ ਮੇਰੇ ਮੁਤਾਬਕ ਜਾਤ ਪਾਤ ਦਾ ਮਤਲਬ ਸਿਰਫ਼ 'ਜੱਟਵਾਦ' ਹੀ ਹੈ ਤਾਂ ਇਹ ਉਸ ਦੀ ਉਹ ਭੁਲ ਹੈ ਜਿਸ ਦੀ ਕਿਸੇ ਅਮੂੜ ਕੋਲੋਂ ਵੀ ਆਸ ਨਹੀਂ ਹੋ ਸਕਦੀ। ਸਿੱਖੀ ਦੀਆਂ ਸੰਸਥਾਵਾਂ ਵਿਚ ਬੁਰਜੁਆ ਹਿੱਤ ਪਹਿਲਾਂ ਹੀ ਪੈ ਚੁਕਾ ਸੀ। ਪਿੰਡ ਦੇ ਸੀਨ 'ਤੇ ਸਰਮਾਏ ਦੇ ਕਾਬਜ਼ ਹੋਣ ਨਾਲ ਹੁਣ ਉਤੋਂ ਦੀ 'ਜੱਟਵਾਦ' ਪੈ ਰਿਹਾ ਹੈ। ਪਾ ਰਿਹਾ ਹੈ ਪਿੰਡ ਦੇ ਸੀਨ 'ਤੇ ਕਾਬਜ਼ ਹੋਇਆ ਸਰਮਾਇਆ ਤੇ ਉਥੇ ਉਸਰ ਗਏ ਬੁਰਜੁਆ ਰਿਸ਼ਤੇ। ਸਿਰਫ਼ 'ਜੱਟਵਾਦ' ਦਾ ਜ਼ਿਕਰ ਕਰਨ ਦੇ, ਮੇਰੇ ਇਹ ਹੀ ਕਾਰਨ ਹਨ ਅਤੇ ਮੈਂ ਗ਼ਲਤ ਨਹੀਂ। ਸਾਰਾ ਜਾਤ ਪਾਤੀ ਢਾਂਚਾ ਉਦੋਂ ਆਵੇਗਾ ਜਦੋਂ ਸਮਾਜ ਦੇ ਕਲਚਰਲ ਤਾਣੇ ਪੇਟੇ ਨੂੰ ਹੱਥ ਪਾਵਾਂਗੇ।

ਕਾਬਜ਼ ਜਮਾਤੀ ਨਿਜ਼ਾਮ ਨੂੰ ਢਾਹ ਕੇ ਸਰਬਤ ਦੀ ਆਜ਼ਾਦੀ ਵਾਲੇ ਜਮਾਤ-ਰਹਿਤ ਨਿਜ਼ਾਮ ਨੂੰ ਸਥਾਪਤ ਕਰਨ ਵਾਸਤੇ ਉਠੀ ਇਨਕਲਾਬੀ ਲਹਿਰ ਦੇ ਪਹਿਲੇ ਪੜਾਅ ਦਾ ਬੁਨਿਆਦੀ ਦਾਈਆ ਸਿਆਸੀ ਤਾਕਤ ਹਾਸਿਲ ਕਰਨਾ, ਸਟੇਟ 'ਤੇ ਕਬਜ਼ਾ ਕਰਨਾ ਹੁੰਦਾ ਹੈ। ਕਿਉਂਕਿ ਲਹਿਰ ਵਾਸਤੇ ਆਪਣੇ ਅੰਤਮ ਮਨੋਰਥ 'ਤੇ ਪੁਜਣ ਲਈ ਸਟੇਟ 'ਤੇ ਕਬਜ਼ਾ ਕਰਨਾ ਲਾਜ਼ਮੀ ਅਮਰ ਹੈ, ਇਸ ਮਸਲੇ ਨੂੰ ਪਾਸਾ ਦੇ ਕੇ ਚੂੰਕਿ ਉਹ ਲੰਘ ਹੀ ਨਹੀਂ ਸਕਦੀ, ਇਸ ਵਾਸਤੇ ਆਪਣੇ ਅੰਤਮ ਨਿਸ਼ਾਨੇ ਦੇ ਅਸਲੇ ਨੂੰ ਕਾਇਮ ਰੱਖਦਿਆਂ ਹੋਇਆਂ, ਉਹ ਮੂਲ ਰੂਪ ਵਿਚ ਜਮਾਤੀ ਜਦੋ-ਜਹਿਦ ਸਟੇਟ 'ਤੇ ਕਬਜ਼ਾ ਕਰਨ ਨੂੰ ਮੁਖ ਰੱਖ ਕੇ ਹੀ, ਇਸ ਦੇ ਪ੍ਰਸੰਗ ਵਿਚ ਹੀ ਕਰਦੀ ਹੈ। ਜੋ ਕੁਛ ਵੀ ਇਸ ਦਾਈਏ ਦੇ ਰਾਹ ਵਿਚ ਰੋੜਾ ਹੋਵੇ, ਉਸ ਦੇ ਖਿਲਾਫ਼ ਉਹ ਸਿਰ-ਧੜ ਦੀ ਲਾਉਂਦੀ ਹੈ। ਉਸ 'ਤੇ ਖੂਬ ਸੁਹਾਗਾ ਫੇਰਦੀ ਹੈ। ਕਈ ਮਸਲੇ ਤਾਂ ਐਸੇ ਹੁੰਦੇ ਹਨ ਜਿਨ੍ਹਾਂ ਨੇ ਹੱਲ ਹੀ ਇਨਕਲਾਬ ਤੋਂ ਮਗਰੋਂ ਹੋਣਾ ਹੁੰਦਾ ਹੈ। ਉਹਨਾਂ ਨੂੰ ਵਾਹ ਲਗਦੀ ਉਹ ਛੇੜਦੀ ਨਹੀਂ। ਆਪਣੀ ਮੂਲ ਤਾਕਤ ਦਾ ਮੁਹਾਣ ਓਧਰ ਮੋੜਦੀ ਨਹੀਂ। ਲਹਿਰ ਦੀ ਸਟੇਜ, ਲੋਕਾਂ ਦੀ ਚੇਤਨਤਾ, ਤੇ ਹਾਲਾਤ ਦੇ ਪ੍ਰਸੰਗ ਵਿਚ, ਜਿਨ੍ਹਾਂ ਮਸਲਿਆਂ ਬਾਬਤ ਅੰਦੇਸ਼ਾ ਹੋਵੇ ਕਿ ਉਹਨਾਂ ਨੂੰ ਛੇੜਿਆਂ ਲਹਿਰ ਦੀ ਸਿਆਸੀ ਤਾਕਤ ਨੂੰ ਕਾਰੀ ਸੱਟ ਵੱਜਣੀ ਮੁਮਕਿਨ ਹੈ, ਅਤੇ ਅੰਤਮ ਮਨੋਰਥ ਦੇ ਨੁਕਤੇ ਤੋਂ ਉਹਨਾਂ ਨੂੰ ਮੁਲਤਵੀ ਕੀਤਾ ਜਾ ਸਕਦਾ ਹੈ, ਲਹਿਰ ਉਹਨਾਂ ਬਾਬਤ ਸਿਧਾਂਤਕ ਸੇਧ ਤਾਂ ਦੇ ਦੇਂਦੀ ਹੈ ਪਰ ਉਹਨਾਂ ਨੂੰ ਭਰ ਜੋਬਨ ਅਮਲ ਦੇ ਏਜੰਡੇ 'ਤੇ ਨਹੀਂ ਲਿਆਉਂਦੀ। ਇਹ ਆਮ ਜਿਹੀਆਂ ਗੱਲਾਂ ਹਨ ਅਤੇ ਜਿਨ੍ਹਾਂ ਮਾਰਕਸਵਾਦੀ ਲਹਿਰਾਂ ਇਨਕਲਾਬ ਲਿਆਂਦੇ ਹਨ ਉਹਨਾਂ ਦਾ ਇਤਿਹਾਸ ਪੜ੍ਹਿਆਂ ਸਪਸ਼ਟ ਹੋ ਜਾਂਦੀਆਂ ਹਨ।

ਹਲਵਾਰਵੀ ਦਾ ਇਉਂ ਸਵਾਲ ਕਰਨਾ "ਪਰ ਕੀ ਸਿੱਖੀ ਨੇ ਸੱਚਮੁਚ ਹੀ ਜਾਤ ਪਾਤ ਖਤਮ ਕਰ ਦਿੱਤੀ ਸੀ" ਬਿਲਕੁਲ ਗ਼ਲਤ ਹੈ, ਗ਼ੈਰ-ਡਾਇਲੈਕਟਿਕ ਹੈ, ਸਮਾਜ ਦੀ ਤੇ ਇਨਕਲਾਬੀ ਲਹਿਰ ਦੀ ਡਾਇਲੈਕਟਿਕ ਬਾਬਤ ਆਪਣੀ ਘੋਰ ਅਗਿਆਨਤਾ ਜ਼ਾਹਿਰ ਕਰਨਾ ਹੈ। ਇਸ ਦਾ ਹਾਂ ਨਾਂਹ ਵਿਚ ਜਵਾਬ ਦੇਣਾ ਉਸ ਨਾਲੋਂ ਵੀ ਜ਼ਿਆਦਾ ਗ਼ਲਤ ਤੇ ਗੈਰ-ਡਾਇਲੈਕਟਿਕ ਹੈ। ਮਿਸਾਲ

ਲਿਆਂ ਨੁਕਤਾ ਸਾਫ਼ ਹੋ ਜਾਂਦਾ ਹੈ। ਸਮਾਜਵਾਦੀ ਇਨਕਲਾਬ ਦੇ ਆਇਆਂ ਬੁਰਜੁਆਜ਼ੀ ਢਹਿੰਦੀ ਵੀ ਹੈ ਤੇ ਨਹੀਂ ਵੀ ਢਹਿੰਦੀ। ਮੋਢਾ ਲਵਾਉਂਦੀ ਵੀ ਹੈ ਤੇ ਮੋਢਾ ਖਿਸਕਾ ਵੀ ਜਾਂਦੀ ਹੈ। ਆਪਣੇ ਹੱਥੋਂ ਸਟੇਟ ਤੇ ਪੈਦਾਵਾਰ ਦੇ ਵਸੀਲੇ ਖੁਹਾ ਲੈਂਦੀ ਹੈ, ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਹੋ ਜਾਂਦੀ ਹੈ ਪਰ ਬੁਰਜੁਆਜ਼ੀ ਕੰਮ ਦੀ ਬੁਰਜੁਆ ਵੰਡ ਦੀ, ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਦੀ, ਕੀਤੇ ਕੰਮ ਦੀ ਬੁਰਜੁਆ ਪਰੇਰਨਾ ਆਦਿ ਦੀ, ਬੁਰਜੁਆ ਪੈਂਤੜੇ ਦੀ ਸ਼ਕਲ ਵਿਚ ਬਰਕਰਾਰ ਰਹਿੰਦੀ ਹੈ। ਇਤਨੀ ਬਰਕਰਾਰ ਕਿ ਆਪਣਾ ਨਿਜ਼ਾਮ ਮੁੜ ਬਹਾਲ ਕਰਨ ਦੇ ਯੋਗ ਵੀ ਹੋ ਜਾਂਦੀ ਹੈ। ਹਾਰਦੀ ਵੀ ਹੈ ਤੇ ਹਾਰ ਕੇ ਮੁੜ ਜਿੱਤਣ ਦੇ ਯੋਗ ਵੀ ਰਹਿੰਦੀ ਹੈ। ਫਿਊਡਲ ਸਮਾਜ ਦੇ ਉਸਾਰ ਨਾਲ ਸਿੱਖ ਲਹਿਰ ਕਿਵੇਂ ਨਿਪਟਦੀ ਹੈ, ਉਸ ਉਸਾਰ ਦੀ, ਉਸ ਕਲਚਰ ਦੀ ਜੁਜ਼—ਜਾਤ ਪਾਤ ਦੀ ਸੰਸਥਾ—ਨਾਲ ਉਸ ਦਾ ਰਿਸ਼ਤਾ ਕਿਵੇਂ ਚਲਦਾ ਹੈ, ਉਸ ਨਾਲ ਉਸ ਦੀ ਤਾਕਤ ਦਾ ਤਵਾਜ਼ਨ ਕੀ ਰਹਿੰਦਾ ਹੈ—ਇਹ ਲਹਿਰ ਦੀ ਡਾਇਲੈਕਟਿਕ ਦੇ ਪ੍ਰਸੰਗ ਵਿਚ ਹੀ ਸਹੀ ਤਰ੍ਹਾਂ ਵੇਖਿਆ ਜਾ ਸਕਦਾ ਹੈ। ਇਹ ਤਾਂ ਹੀ ਮੁਮਕਿਨ ਹੈ ਜੇ ਜਾਤ ਪਾਤ ਦੀ ਵਸਤੂ, ਉਸ ਦੇ ਆਧਾਰ, ਉਸ ਦੀਆਂ ਜੜ੍ਹਾਂ ਵਿਚ ਜਾਇਆ ਜਾਵੇ। ਦੂਸਰੇ ਪਾਸੇ ਤੋਂ ਇਹ ਨਹੀਂ ਭੁਲਣਾ ਚਾਹੀਦਾ ਕਿ ਸਿੱਖ ਲਹਿਰ ਦੀ ਕਰਨੀ ਇਨਕਲਾਬ ਤੋਂ ਪਹਿਲਾਂ ਦਾ ਹੀ ਮਸਲਾ ਹੈ। ਪਦਾਰਥਕ ਹਾਲਾਤ ਚੂੰਕਿ ਉਸ ਦੇ ਪੈਂਤੜੇ ਦੇ ਰਾਹ ਦੀ ਨਾਕਾਬੰਦੀ ਕਰ ਕੇ ਬੈਠੇ ਹੋਏ ਸਨ, ਸੋ ਆਪਣੇ ਪੈਂਤੜੇ ਦੇ ਆਧਾਰ 'ਤੇ ਇਨਕਲਾਬ ਲਿਆਉਣ ਤਕ ਉਹ ਪਹੁੰਚ ਹੀ ਨਹੀਂ ਸੀ ਸਕਦੀ ਤੇ ਨਾ ਹੀ ਪਹੁੰਚੀ। ਉਸ ਸਟੇਜ ਦੇ ਦਿਸਹੱਦੇ 'ਤੇ ਆਉਂਦਿਆਂ ਉਸ ਵਿਚ ਅੰਦਰੋਂ ਜਮਾਤੀ ਵਿਗਾੜ ਪੈ ਜਾਣਾ ਲਾਜ਼ਮੀ ਸੀ, ਸੋ ਪੈ ਗਿਆ।

**ਜਮਾਤੀ ਸਮਾਜ ਦਾ ਕਿਰਟੀਕ** : ਸਿੱਖ ਲਹਿਰ ਫਿਊਡਲ ਨਿਜ਼ਾਮ ਨੂੰ ਮਿਲ ਕੇ ਲੈਂਦੀ ਹੈ। ਚੂੰਕਿ ਉਹ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਪੈਂਦੀ ਹੈ, ਇਸ ਵਾਸਤੇ ਉਸ ਦਾ ਕਿਰਟੀਕ ਨਾ ਸਿਰਫ਼ ਫਿਊਡਲ ਸਮਾਜ 'ਤੇ ਹੀ ਬਲਕਿ ਸਭ ਜਮਾਤੀ ਸਮਾਜਾਂ 'ਤੇ ਲਾਗੂ ਹੁੰਦਾ ਹੈ। ਉਹ ਬੰਦੇ ਉਤੇ ਮਾਇਆ ਦੀ, ਪੈਸੇ ਦੀ, ਜਾਇਦਾਦ ਦੀ ਸਰਦਾਰੀ ਦੀ ਅਸਲੀਅਤ ਨੂੰ ਨੰਗਿਆਂ ਕਰਦੀ ਹੈ। ਉਸ ਨੂੰ ਮਾਇਆ ਦਾ ਬੰਧਨ ਦਸਦੀ ਹੈ ਕਿ ਉਸ ਨੇ ਬੰਦੇ ਨੂੰ ਕਿਵੇਂ ਆਪਣਾ ਹੱਥੀ-ਬੱਧੀ ਗੁਲਾਮ ਬਣਾਇਆ ਹੋਇਆ ਹੈ। ਉਹ ਬੰਦੇ ਨੂੰ, ਇਸ ਬੰਧਨ ਨੂੰ ਹਰ ਕੀਮਤ 'ਤੇ ਤੋੜਨ ਦੇ ਰਾਹੇ ਪਾਉਂਦੀ ਹੈ। ਬੰਦੇ ਦੀ, ਸਰਬਤ ਦੀ ਆਜ਼ਾਦੀ ਦੀ ਆਰਥਕ ਨੀਂਹ ਉਹ ਜ਼ਿੰਦਗੀ ਦੇ ਵਸੀਲਿਆਂ ਦੀ ਸਾਂਝ ਵਿਚ ਦਸਦੀ ਹੈ। 'ਸਹੁਰੜੀ ਵਥੁ ਸਭ ਕਿਛੁ ਸਾਂਝੀ' (ਸਫ਼ਾ 1171) ਉਹ ਜਮਾਤੀ ਸਮਾਜ ਦੀ ਸਟੇਟ ਨੂੰ ਪਾਪੀ, ਖੂਨੀ ਤੇ ਸੱਚ ਵਲੋਂ ਕੰਗਾਲ ਦਸਦੀ ਹੈ। 'ਰਾਜੇ ਸੀਂਹ ਮੁਕਦਮ ਕੁਤੇ' (ਸਫ਼ਾ 1288) 'ਨਾਉ ਫਕੀਰੈ ਪਾਤਸਾਹੁ...(ਸਫ਼ਾ 1288) ਇਸ ਦੇ ਔਰਤ ਤੇ ਮਰਦ ਦੇ ਰਿਸ਼ਤੇ ਨੂੰ ਮਰਦ ਵਲੋਂ ਔਰਤ ਦਾ ਸ਼ਿਕਾਰ ਤੇ ਔਰਤ ਦੀ ਘੋਰ ਗਿਰਾਵਟ। 'ਰੰਨਾ ਹੋਈਆਂ ਬੋਧੀਆ ਪੁਰਸ ਹੋਏ ਸਈਆਦ (ਸਫ਼ਾ 1242) ਅਜ਼ਾਦੀ ਦੇ ਪੈਂਤੜੇ ਤੋਂ ਇਹ ਰਿਸ਼ਤਾ ਹੈ 'ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ' (ਸਫ਼ਾ 788) ਕਾਜ਼ੀ, ਪੰਡਤ, ਤੇ ਜੋਗੀ ਨੂੰ—ਜਮਾਤੀ ਸਮਾਜ ਦੇ ਵਿਚਾਰਧਾਰਕ ਮਜ਼ੂਬੀ ਅਡੰਬਰ ਨੂੰ ਉਹ 'ਉਜਾੜ ਦਾ ਬੰਨਾ' ਕਰਾਰ ਦੇਂਦੀ ਹੈ। ਜਮਾਤੀ ਸਮਾਜ ਤੇ ਉਸ ਦੀਆਂ ਸਭ ਸੰਸਥਾਵਾਂ ਦੀ ਕਾਇਆਂ-ਪਲਟੀ ਮੰਗਦੀ ਹੈ। ਜਮਾਤੀ ਸਮਾਜ, ਉਸ ਦੀ ਤੋਰ, ਉਸ ਦੀਆਂ ਸੰਸਥਾਵਾਂ, ਉਸ ਦੇ ਆਪਣੇ ਹਿਤੀ ਸਿਰਜੇ ਬੰਦੇ ਨਾਲ ਕਿਸੇ ਕਿਸਮ ਦਾ ਕੋਈ ਸਮਝੌਤਾ ਤਾਂ ਮੁਮਕਿਨ ਹੀ ਨਹੀਂ। 'ਭਗਤਾ ਤੈ ਸੈਸਾਰੀਆ ਜੋੜੁ ਕਦੇ ਨਾ ਆਇਆ' (ਸਫ਼ਾ 145)



ਪਰ ਇਸ ਨੋਟ ਵਿਚ ਸਾਡਾ ਵਾਸਤਾ ਨਾ ਸਾਰੇ ਫਿਊਡਲ ਸਮਾਜ ਨਾਲ ਹੈ, ਨਾ ਉਸ ਦੇ ਉਸਾਰ ਦੀ ਜੁਜ਼—ਸਟੇਟ ਨਾਲ। ਏਥੇ ਸਾਡਾ ਤਅਲਕ ਹੈ ਉਸ ਵੇਲੇ ਦੇ ਸਮਾਜ ਦੀ ਸੰਸਥਾ ਜਾਤ ਪਾਤ ਨਾਲ, ਤੇ ਸਿੱਖ ਲਹਿਰ ਦੇ ਉਸ ਵਲ ਰਵੱਈਏ ਨਾਲ।

ਉਸ ਵਕਤ ਚੇਤਨਤਾ ਦਾ ਰੂਪ ਮਜ਼ੂਬੀ ਸੀ। ਇਸ ਵਾਸਤੇ ਤਕਰੀਬਨ ਸਭ ਕਾਸੇ ਦਾ ਆਧਾਰ ਮਜ਼੍ਹਬ ਸੀ। ਸਮਾਜ ਦੇ ਹਿੰਦੂ ਦਾਇਰੇ ਵਿਚ ਕਲਚਰ ਦਾ, ਬੰਦੇ ਦੇ ਚਲਨ ਦਾ, ਬ੍ਰਾਹਮਣੀ ਢਾਂਚੇ ਦੀ ਸੰਸਥਾ ਜਾਤ ਪਾਤ ਦਾ, ਸਭ ਕਾਸੇ ਦਾ ਆਧਾਰ ਸੀ ਵੇਦਾਂ ਦੀ ਸਰਦਾਰੀ (**authority**), ਵੇਦਾਂ ਦੀ, ਉਹਨਾਂ ਦੇ ਹੁਕਮ ਦੀ, ਉਹਨਾਂ ਦੇ ਅਰਥਾਂ ਦੀ ਅਲੰਬਰਦਾਰ ਤੇ ਵਿਆਖਿਆਕਾਰ (**custodian and interpreter**) ਸੀ ਬ੍ਰਾਹਮਣ ਜਮਾਤ। ਹਿੰਦੂ ਦਾਇਰੇ ਵਿਚ ਮਜ਼੍ਹਬ ਦੀ ਵਾਹਿਦ ਮਾਲਕ ਸੀ ਬ੍ਰਾਹਮਣ ਜਮਾਤ। ਇਸ ਨੂੰ ਹੀ ਕਲਚਰ ਦੇ ਸਭ ਖੇਤਰ ਦਾ ਹੁਕਮ ਹਾਸਲ ਸੀ ਅਤੇ ਇਸ ਦਾ ਹੀ ਸਭ ਤੋਰਾ ਟਿੱਕਾ ਸੀ। ਇਹ ਹੀ ਸੀ ਜਾਤ ਪਾਤ ਦੀ ਸੰਸਥਾ ਦੀ ਰਖਵਾਲੀ ਤੇ ਪਹਿਰੇਦਾਰ ਅਤੇ ਉਸ ਵਿਚ ਇਹ ਮੁਮਕਿਨ ਤੋਂ ਵਧ ਕੱਟੜ ਸੀ। ਸਿੱਖ ਲਹਿਰ ਨੇ ਚੂੰਕਿ ਆਪਣੇ ਲੋਕ-ਹਿੱਤ ਦੇ ਪੈਂਤੜੇ ਵਾਸਤੇ ਇਨਕਲਾਬੀ ਤਾਕਤ ਦਾ ਹੜ੍ਹ ਲਿਆਉਣਾ ਸੀ, ਇਸ ਵਾਸਤੇ ਉਸ ਦੇ ਲਈ ਲਾਜ਼ਮੀ ਸੀ ਕਿ ਜਿਸ ਗੜ੍ਹ ਦੇ ਅਧੀਨ ਵਸੋਂ ਦੀ ਸੋਚ, ਉਸ ਦਾ ਜਜ਼ਬਾ, ਉਸ ਦੇ ਮਨ ਦੇ ਮਨੋਰਥ, ਉਸ ਦੀਆਂ ਕਦਰਾਂ-ਕੀਮਤਾਂ, ਉਸ ਦਾ ਆਚਰਨ, ਉਸ ਦਾ ਚਲਨ...ਗਲ ਕੀ ਉਸ ਦੀ ਸਭ ਕਰਨੀ ਜਕੜੀ ਹੋਈ ਸੀ, ਉਸ ਗੜ੍ਹ ਨੂੰ ਤੋੜਦੀ। ਸਿੱਖ ਲਹਿਰ ਨੇ ਜ਼ਿੰਦਗੀ ਉਤੇ ਵੇਦਾਂ ਦੀ ਸਰਦਾਰੀ ਦੇ ਤੂਸੜੇ ਉੜਾਏ। ਬ੍ਰਾਹਮਣ ਜਮਾਤ ਦੀ ਲੰਬਰਦਾਰੀ ਨੂੰ ਘੱਟੇ ਵਿਚ ਮਿਲਾਇਆ। ਨਾਮ ਦੇ ਰੂਪ ਵਿਚ ਰੱਬ ਦੀ ਸਰਦਾਰੀ ਸਥਾਪਤ ਕੀਤੀ ਤੇ ਅਗਵਾਈ ਸੌਂਪੀ ਸਤਿਗੁਰੂ ਨੂੰ। ਵਿਚਾਰਧਾਰਾ ਦੀ ਵਾਹਿਦ ਮਾਲਕ ਜਮਾਤ ਬਤੌਰ ਜਮਾਤ ਹੀ ਖਤਮ ਕਰ ਦਿੱਤੀ। ਉਸ ਦੇ ਵਿਚੋਲਪੁਣੇ ਵਾਸਤੇ ਕੋਈ ਥਾਂ ਹੀ ਨਾ ਰਹਿਣ ਦਿੱਤੀ। ਫਿਊਡਲ ਸਮਾਜ ਦੀ ਦਰਜਾ-ਬ-ਦਰਜੀ ਤੇ ਜਾਤ ਪਾਤ ਦੀ ਊਚ ਨੀਚ ਨੂੰ ਕੱਟ ਕੇ, ਉਸ ਦੇ ਵਿਰੁਧ ਪੈਂਤੜਾ ਮੱਲਿਆ। 'ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।' (ਸਫ਼ਾ 1349)

ਬ੍ਰਾਹਮਣੀ ਢਾਂਚੇ ਅਨੁਸਾਰ ਵੇਦਾਂ ਨੂੰ ਪੜ੍ਹਨ ਦਾ, ਉਹਨਾਂ ਦੇ ਅਰਥ ਕੱਢਣ ਦਾ ਹੱਕ ਸੀ ਸਿਰਫ਼ ਬ੍ਰਾਹਮਣ ਜਮਾਤ ਨੂੰ। ਪੜ੍ਹੇ ਜਾ ਰਹੇ ਵੇਦ ਦੀ ਆਵਾਜ਼ ਵੀ ਜੇ ਕਿਸੇ ਸ਼ੂਦਰ ਦੇ ਕੰਨੀਂ ਪੈ ਜਾਂਦੀ, ਤਾਂ ਇਹ ਸ਼ੂਦਰ ਕੋਲੋਂ ਹੋਇਆ ਘੋਰ ਪਾਪ ਸੀ ਅਤੇ ਇਸ ਦੀ ਸਜ਼ਾ ਸੀ ਸ਼ੂਦਰ ਦੀ ਮੌਤ (ਵੇਖੋ ਰਾਮਾਇਣ) ਜਾਤਾਂ ਦੀ ਊਚ ਨੀਚ ਤੇ ਸਭਸ ਦੀ ਆਪੋ ਆਪਣੀ ਵਾੜਾਬੰਦੀ ਦੇ ਵਿਰੁਧ ਸਿੱਖ ਲਹਿਰ ਨੇ ਸੰਗਤ ਸਥਾਪਤ ਕੀਤੀ ਤੇ ਆਪਣੇ ਰੱਬ ਦੀ ਹਜ਼ੂਰੀ ਵਿਚ ਔਰਤਾਂ ਮਰਦਾਂ, ਬ੍ਰਾਹਮਣੀ ਮੱਤ ਦੀਆਂ ਉਚੀਆਂ ਨੀਵੀਆਂ ਸਭ ਜਾਤਾਂ ਦੀ ਮਨੁਖਤਾ ਦੀ ਪੱਧਰ 'ਤੇ ਬਰਾਦਰੀ ਕਾਇਮ ਕੀਤੀ। ਸਿੱਖੀ ਦੀ ਸਜਾਈ ਸੰਗਤ ਵਿਚ ਜਾਤ ਪਾਤੀ ਵਿਤਕਰੇ ਦਾ ਪੈਰ-ਧਰਾਵਾ ਹੀ ਮੁਮਕਿਨ ਨਹੀਂ ਸੀ। ਅਜ ਦੇ ਮੁਹਾਵਰੇ ਵਿਚ ਇਹ ਸੀ ਜ਼ਿੰਦਗੀ ਦੇ ਨਜ਼ਰੀਏ (**world view**) ਵਿਚ ਇਨਕਲਾਬ, ਉਸ ਦੀ ਕਾਇਆਂ-ਪਲਟੀ। ਸਿੱਖ ਲਹਿਰ ਨੇ ਮਜ਼ੂਬੀ ਮੁਹਾਵਰੇ ਵਿਚ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਦੇ ਜ਼ਿੰਦਗੀ ਵਲ ਨਜ਼ਰੀਏ ਨੂੰ ਸਿਰਜਿਆ ਤੇ ਉਸ ਨੂੰ ਅਮਲੀ ਜਾਮਾ ਪਹਿਨਾਇਆ। ਜਿਸ ਵਿਚਾਰਧਾਰਕ ਨੀਂਹ 'ਤੇ ਜਾਤ ਪਾਤ ਦੀ ਸੰਸਥਾ ਉਸਰੀ ਸੀ ਤੇ ਖੜੀ ਸੀ, ਉਸ ਨੀਂਹ ਨੂੰ ਹੀ ਉਸ ਪੁਟ ਮਾਰਿਆ। ਜਿਥੇ ਜਾਤ ਪਾਤੀ ਦਾਇਰੇ ਵਿਚ ਵਿਚਾਰਧਾਰਾ, ਜ਼ਿੰਦਗੀ ਵਲ ਨਜ਼ਰੀਆ, ਵੇਦਾਂ ਸ਼ਾਸਤਰਾਂ ਦਾ ਗਿਆਨ ਬ੍ਰਾਹਮਣ ਜਮਾਤ ਤਕ ਹੀ ਮਹਿਦੂਦ ਸੀ, ਸਿੱਖ ਲਹਿਰ ਦਾ ਪੈਂਤੜਾ ਤੇ ਇਸ ਵਾਸਤੇ ਉਸ

ਦਾ ਸਿਧਾਂਤ ਚੂੰਕਿ ਸਰਬਤ ਦੀ ਆਜ਼ਾਦੀ ਦਾ ਸੀ ਇਸ ਵਾਸਤੇ ਇਸ ਨੇ ਆਪਣੇ ਸਿਧਾਂਤ ਨੂੰ ਸਭਸ ਨੂੰ ਪੜ੍ਹਾਇਆ ਤੇ ਉਸ ਨੂੰ ਸਭ ਔਰਤਾਂ ਮਰਦਾਂ ਦਿਆਂ ਹੱਡਾਂ ਵਿਚ ਰਚਾਇਆ । ਤੇ ਉਸ ਦੇ ਆਧਾਰ 'ਤੇ ਐਸੇ ਇਨਕਲਾਬੀ ਦੀ ਸਿਰਜਣਾ ਕੀਤੀ ਜਿਸ ਦੇ ਆਚਰਨ ਦਾ ਆਧਾਰ ਸੀ—ਮਨੁਖੀ ਬਰਾਦਰੀ ਤੇ ਜਿਸ ਦਾ ਮਨੁਖੀ ਅਸਲਾ ਸੀ—'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ । (ਅਕਾਲ ਉਸਤਤ)

ਜ਼ਿੰਦਗੀ ਵਲ ਨਜ਼ਰੀਆ ਨਿਰਾ ਜ਼ਬਾਨੀ ਜਮ੍ਹਾਂ-ਖਰਚ ਹੀ ਨਹੀਂ, ਨਿਰੀਆਂ ਗੱਲਾਂ ਬਾਤਾਂ ਦਾ ਹੀ ਮਸਲਾ ਨਹੀਂ । ਇਹ ਜਮਾਤੀ ਰਾਹਾਂ ਦੇ ਨਿਖੇੜ ਦਾ ਸਵਾਲ ਹੈ, ਆਧਾਰ ਹੈ । ਬੰਦੇ ਦਾ ਆਚਰਨ ਉਸਰਦਾ ਹੈ ਨਜ਼ਰੀਏ ਦੇ ਆਧਾਰ 'ਤੇ, ਨਜ਼ਰੀਏ ਦੀ ਅਮਲ ਵਿਚ ਤਰਜਮਾਨੀ ਕੀਤਿਆਂ । ਬੰਦੇ ਦਾ ਸਮਾਜਕ ਸਿਆਸੀ ਅਮਲ ਉਸ ਦੇ ਉਸਰੇ ਆਚਰਨ ਦਾ ਕਰਾਇਆ ਹੁੰਦਾ ਹੈ । ਉਸ ਦੇ ਨਜ਼ਰੀਏ ਦੀ ਹੀ ਇਹਨਾਂ ਖੇਤਰਾਂ ਦੇ ਅਮਲ ਵਿਚ ਤਰਜਮਾਨੀ ਹੁੰਦੀ ਹੈ । ਸਿੱਖ ਲਹਿਰ ਦੇ ਉਸਾਰੇ ਆਚਰਨ ਦੇ ਸੱਚੇ ਵਿਚ ਜਾਤ ਪਾਤ ਦੇ ਵਿਤਕਰੇ ਵਾਸਤੇ ਭੋਂ ਕਿਥੋਂ ਤਕ ਰਹਿਣੀ ਸੀ ? ਨਜ਼ਰੀਏ ਦੇ ਖੇਤਰ ਵਿਚ ਸਿੱਖ ਲਹਿਰ ਦਾ ਅਸਲਾ ਜ਼ਾਹਿਰ ਹੈ ਉਸ ਵਿਚ ਭਾਈ ਮਣੀ ਸਿੰਘ ਦੀ ਪਦਵੀ ਤੋਂ । ਬ੍ਰਾਹਮਣੀ ਜਾਤ ਪਾਤੀ ਪੈਮਾਨੇ ਅਨੁਸਾਰ ਬੰਦ ਬੰਦ ਕਟਵਾਉਣ ਵਾਲਾ ਭਾਈ ਮਣੀ ਸਿੰਘ ਨੀਵੀਂ ਜਾਤ ਦਾ ਸੂਦਰ ਸੀ । ਸ਼ਾਇਦ ਉਹ ਲੁਬਾਣਾ ਸੀ । ਲੁਬਾਣੀ ਜਾਤ ਦੇ ਜੰਮ ਪਲ ਨੂੰ ਵੇਦਾਂ ਸ਼ਾਸਤਰਾਂ ਤਕ ਪਹੁੰਚ ਕਿਥੋਂ ? ਭਾਈ ਮਣੀ ਸਿੰਘ ਦਰਬਾਰ ਸਾਹਿਬ ਦੀ ਤਾਬਿਆ ਬੈਠਦਾ ਸੀ । ਇਹ ਚੇਤੇ ਕਰਾਉਣਾ ਤਾਂ ਸ਼ਾਇਦ ਬੇਲੋੜਾ ਹੈ ਕਿ ਬ੍ਰਾਹਮਣੀ ਜਾਤ ਪਾਤੀ ਢਾਂਚੇ ਵਿਚ ਵਿਦਿਆ ਬਹੁਤ ਮਹਿਦੂਦ ਦਾਇਰੇ ਵਿਚ ਹੀ ਸੀ । ਸੂਦਰਾਂ ਤਕ ਉਸ ਦੇ ਪਹੁੰਚਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ । ਸਿੱਖ ਲਹਿਰ ਨੇ ਆਪਣੇ ਪੈਂਤੜੇ ਦੇ ਅਨਕੂਲ ਵਿੱਦਿਆ ਨੂੰ ਸਰਬ-ਵਿਆਪੀ ਬਣਾਉਣ ਦੀ ਕੋਸ਼ਿਸ਼ ਕੀਤੀ । ਸੰਗਤ ਦੀ ਮਜ਼ਬੂਤੀ ਵਲ ਧਿਆਨ ਦਿਵਾਉਣਾ ਬੇਲੋੜਾ ਨਹੀਂ । ਬੁਰਜੁਆ ਸਮਾਜ ਦੀ ਦਰਜਾ-ਬ-ਦਰਜੀ ਦੇ ਪ੍ਰਸੰਗ ਵਿਚ ਸਜੀ ਸੰਗਤ ਵਿਚ ਵੀ ਜਾਤ ਪਾਤ ਦੀ, ਊਚ ਨੀਚ ਦੀ ਤਮੀਜ਼ ਕਰਨਾ ਕੁਫਰ ਹੈ । ਸੰਗਤ ਵਿਚ ਐਸੀ ਹਰਕਤ ਕਰਨ ਦੀ ਕਿਸੇ ਦੀ ਪਾਇਆਂ ਨਹੀਂ ।

**ਚੌਂਤਰੇ ਦੀ ਸਾਂਝ** : ਨਜ਼ਰੀਏ ਦੇ ਖੇਤਰ ਦੇ ਨਾਲ ਖੇਤਰ ਹੈ ਰੋਜ਼-ਬ-ਰੋਜ਼ੀ ਜ਼ਿੰਦਗੀ ਦਾ, ਆਮ ਭਾਈਚਾਰਕ ਮੇਲ ਜੋਲ ਦਾ । ਏਸੇ ਵਿਚ ਆਉਂਦੀ ਹੈ ਚੁਲ੍ਹੇ ਚੌਂਤਰੇ ਦੀ, ਰੋਟੀ ਪਾਣੀ ਦੀ ਸਾਂਝ । ਜਾਤ ਪਾਤ ਦਾ ਜਿਗਰੀ ਅੰਗ ਸੀ ਛੂਤ ਛਾਤ, ਭਿੱਟ । ਇਹ ਬ੍ਰਾਹਮਣੀ ਢਾਂਚੇ ਦਾ ਐਸਾ ਅੰਗ ਸੀ ਜੋ ਵਸੋਂ ਨੂੰ ਇਕ ਹੋਣ ਹੀ ਨਹੀਂ ਸੀ ਦੇਂਦਾ । ਇਸ ਦੇ ਪ੍ਰਵੇਸ਼ ਵਿਚ ਵਸੋਂ ਦਾ ਇਕ ਪੈਂਤੜੇ 'ਤੇ ਆਉਣ ਦਾ, ਸਹੀ ਅਰਥਾਂ ਵਿਚ ਲੋਕ ਬਣਨ ਦਾ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ । ਵਸੋਂ ਨੂੰ ਵੱਖੋ ਵੱਖ ਖੁੱਡਾਂ ਵਿਚ ਖੇਰੂੰ ਖੇਰੂੰ ਕਰ ਕੇ ਰਖਣ ਦਾ ਇਹ ਬਹੁਤ ਕਾਰਗਰ ਵਸੀਲਾ ਸੀ । ਹਾਕਮ ਜਮਾਤਾਂ ਦੇ ਇਹ ਬਹੁਤ ਸੂਤ ਸੀ । ਉਹਨਾਂ ਦੇ ਮਨ ਭਾਉਂਦਾ ਸੀ । ਇਸ ਦੀ ਜਿੰਦ-ਜਾਨ ਸੀ ਭਿੱਟ ਦੇਣ ਵਾਲੀਆਂ ਜਾਤਾਂ ਵਲ, ਸੂਦਰਾਂ ਵਲ, ਆਮ ਤੌਰ 'ਤੇ ਮੇਹਨਤਕਸ਼ ਤਬਕੇ ਵਲ, ਉਪਰਲਿਆਂ ਦੀ ਹਕਾਰਤ, ਘੋਰ ਨਫ਼ਰਤ । ਸਿੱਖ ਲਹਿਰ ਤੇ ਉਸ ਦੇ ਪੈਂਤੜੇ ਲਈ ਇਹ ਭਿੱਟ ਘਾਤਕ ਸੀ । ਇਹ ਚਾਲ ਉਸ ਦੇ ਸੂਤ ਆ ਹੀ ਨਹੀਂ ਸੀ ਸਕਦੀ । ਉਸ ਨੂੰ ਚਾਹੀਦੀ ਸੀ ਲੋਕਾਂ ਦੀ ਏਕਤਾ । ਉਹਨਾਂ ਦਾ ਇਕ-ਮੁਠ ਹੋਣਾ । ਸੋ ਸਿੱਖ ਲਹਿਰ ਨੇ ਇਸ ਖੇਤਰ ਵਿਚ ਜਾਤ ਪਾਤ ਨੂੰ, ਜਾਤ ਪਾਤ ਦੀ ਇਸ ਜੁਜ਼ ਨੂੰ ਸੰਘੀਉਂ ਲਿਆ । ਗੁਰੂ ਕਾ ਲੰਗਰ ਚਲਾਇਆ । ਪੰਗਤ ਵਿਚ ਬਹਾ ਕੇ ਸਭਸ ਨੂੰ ਗੁਰੂ ਕੇ ਲੰਗਰੋਂ ਖੁਆਇਆ । ਜਾਤ ਪਾਤੀ ਜ਼ਹਿਨੀਅਤ ਪਿੱਟੀ । ਪਰ ਗੁਰੂ ਸਾਹਿਬ ਦੀ ਅਗਵਾਈ ਹੇਠ ਸਿੱਖ ਲਹਿਰ ਨੇ ਸੁਹਾਗਾ ਹੀ ਨਹੀਂ, ਪਰਲੂ ਫੇਰਿਆ । ਗੁਰੂ ਅਮਰਦਾਸ ਦੇ



ਵੇਲੇ ਤਕ ਹੁਕਮ ਹੋ ਗਿਆ ਕਿ ਵੱਡਾ ਹੋਵੇ, ਛੋਟਾ ਹੋਵੇ, ਬਾਦਸ਼ਾਹ ਹੋਵੇ ਤੇ ਭਾਵੇਂ ਕੰਗਾਲ, ਗੁਰੂ ਸਾਹਿਬ ਦੀ ਹਾਜ਼ਰੀ ਵਿਚ ਤਾਂ ਹੀ ਆ ਸਕਦਾ ਹੈ ਜੇ ਪੰਗਤ ਵਿਚ ਬਹਿ ਕੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛੱਕ ਕੇ ਆਵੇ । ਗੁਰੂ ਕੇ ਲੰਗਰ ਨੇ ਰੋਟੀ ਪਾਣੀ ਦੀ ਸਾਂਝ, ਲੰਗਰ ਪੰਗਤ ਦੀ ਪਿਰਤ ਸਿੱਖ ਲਹਿਰ ਦੇ ਹੱਡਾਂ ਵਿਚ ਵਾੜ ਦਿੱਤੀ । ਤੇ ਇਸ ਖੇਤਰ ਵਿਚ ਜਾਤ ਪਾਤੀ ਤਮੀਜ਼ ਖਤਮ ਕਰ ਦਿੱਤੀ । ਸਿੱਖ ਲਹਿਰ ਦੀ, ਉਸ ਦੇ ਪੈਂਤੜੇ ਦੀ ਇਹ ਜਿਗਰੀ ਲੋੜ ਸੀ ਉਸ ਨੇ ਕਰ ਵਿਖਾਈ । ਇਸ ਏਕਤਾ ਤੋਂ ਬਗੈਰ, ਜਾਤ ਪਾਤ ਦੀ ਇਸ ਜੁਜ਼ ਦੀ ਜੜ੍ਹ ਵੱਢਣ ਬਗੈਰ ਉਸ ਦੀ ਸਿਆਸੀ ਤਾਕਤ ਦੀ ਉਸਾਰੀ ਹੋ ਹੀ ਨਹੀਂ ਸੀ ਸਕਦੀ ।

**ਕੰਮ ਦੀ ਵੰਡ** : ਇਸ ਦੇ ਨਾਲ ਹੀ ਜਾਤ ਪਾਤ ਦਾ ਅਗਲਾ ਅੰਗ, ਅਗਲਾ ਖੇਤਰ ਹੈ, ਕੰਮ ਦਾ । ਜਾਤ ਪਾਤ ਦੇ ਆਧਾਰ 'ਤੇ ਮੁਢ ਲਾਅ ਤੋਂ, ਰਬੋਂ ਹੋਈ ਕੰਮ ਦੀ ਵੰਡ । ਕੰਮ ਸਮਾਜ ਦੀ ਬੁਨਿਆਦ ਹੈ । ਕੰਮ ਦੀ ਵੰਡ ਦਾ ਹੀ ਦੂਸਰਾ ਨਾਂ ਹੈ—ਪੈਦਾਵਾਰ ਦੇ ਰਿਸ਼ਤੇ । ਉਹਨਾਂ ਦੇ ਆਧਾਰ 'ਤੇ ਹੀ ਸਮਾਜ ਦੇ ਬਾਕੀ ਰਿਸ਼ਤੇ ਹੁੰਦੇ ਹਨ । ਸਮਾਜਕ ਰਿਸ਼ਤੇ ਕੀ ਹਨ ? ਸਮਾਜ ਦੀ ਬਣਤਰ । ਸੋ ਕੰਮ ਦੀ ਵੰਡ ਦੇ ਮਗਰ ਹੀ ਸਮਾਜ ਦੀ ਬਣਤਰ ਜਾਂਦੀ ਹੈ । ਮਿਸਾਲ ਦੇ ਤੌਰ 'ਤੇ ਕੰਮ ਦੀ ਬੁਰਜੁਆ ਵੰਡ ਦੇ ਆਧਾਰ 'ਤੇ, ਉਸ ਦੇ ਅਨੁਸਾਰੀ ਹੀ ਸਮਾਜ ਦੀ ਬੁਰਜੁਆ ਬਣਤਰ ਹੈ । ਸਮਾਜ ਵਿਚੋਂ ਕੰਮ ਦੀ ਬੁਰਜੁਆ ਵੰਡ ਨੂੰ ਖਤਮ ਕਰਨਾ ਹੀ ਬੁਰਜੁਆ ਨਿਜ਼ਾਮ ਦੇ ਵਿਰੁਧ ਇਨਕਲਾਬ ਹੈ । ਸਮਾਜ ਵਿਚੋਂ ਕੰਮ ਦੀ ਬੁਰਜੁਆ ਵੰਡ ਖਤਮ ਹੋ ਜਾਵੇ, ਸਮਾਜ ਬੁਰਜੁਆ ਰਹਿ ਹੀ ਨਹੀਂ ਸਕਦਾ । ਜਾਤ ਪਾਤੀ ਢਾਂਚੇ ਦੀ ਕੀਤੀ ਕੰਮ ਦੀ ਵੰਡ ਵੱਖੋ ਵੱਖ ਜਾਤਾਂ ਵਾਸਤੇ ਅਲਾਹੀ ਹੁਕਮ ਹੈ । ਉਹਨਾਂ ਦਾ ਧਰਮ ਕਰਕੇ ਪੇਸ਼ ਹੈ । ਕੰਮ ਦੀ ਇਸ ਵੰਡ ਦੇ ਮੁਤਾਬਕ ਬ੍ਰਾਹਮਣ ਵਿਚਾਰਧਾਰਕ ਹੈ । ਮਜ਼ੁਬ ਦਾ ਕੁੰਜੀ ਬਰਦਾਰ ਹੈ । ਮਜ਼ੁਬ ਦੀ ਰਜ਼ਾ ਦਾ, ਸਮਾਜ ਦੇ ਨਜ਼ਰੀਏ ਦਾ ਕਾਨੂੰਨਸਾਜ਼ ਹੈ, ਵਿਆਖਿਆਕਾਰ ਹੈ, ਵਾਹਿਦ ਮਾਲਕ ਹੈ । ਵਿਦਿਆ ਇਸ ਦੀ ਮਲਕੀਅਤ ਹੈ । ਇਹ ਪਵਿੱਤਰ ਹੈ । ਉਸ 'ਤੇ, ਉਸ ਦੀ ਕਹੀ 'ਤੇ ਕੋਈ ਉਂਗਲ ਨਹੀਂ ਉਠਾ ਸਕਦਾ । ਸਮਾਜਕ ਮਨੁਖੀ ਕਦਰਾਂ ਕੀਮਤਾਂ ਬਾਬਤ, ਬੁਰੇ ਭਲੇ ਦੀ ਉਸ ਦੀ ਕੀਤੀ ਤਮੀਜ਼ ਸਮਾਜ ਵਾਸਤੇ ਹਰਫ਼ੇ-ਆਖਰ ਹੈ । ਕਸ਼ੱਤਰੀ ਦਾ ਖੇਤਰ ਸਿਆਸਤ ਹੈ, ਰਾਜ ਪ੍ਰਬੰਧ ਹੈ । ਉਸ ਦਾ ਕੰਮ, ਇਸ ਦਾ ਧਰਮ ਹੈ—ਹਥਿਆਰਬੰਦ ਹੋਣਾ । ਆਪਣੀ ਸਟੇਟ/ਸਿਆਸਤ ਵਾਸਤੇ ਲੋੜ ਅਨੁਸਾਰ ਲੜਨਾ । ਏਸ ਤਰ੍ਹਾਂ ਹੀ ਵੈਸ਼ ਦੇ ਕੰਮ ਦਾ ਜੋ ਦਾਇਰਾ ਹੈ, ਉਹ ਉਸ ਦਾ ਧਰਮ ਹੈ । ਸ਼ੂਦਰ ਦਾ ਕੰਮ (ਧਰਮ) ਹੈ ਉਪਰਲੀਆਂ ਤਿੰਨਾਂ ਜਾਤਾਂ ਦੀ ਸੇਵਾ ਕਰਨਾ ! ਉਹਨਾਂ ਦਾ ਦਾਸ ਬਣ ਕੇ ਵਗਣਾ ।

ਕੰਮ ਦੀ ਇਸ ਵੰਡ ਬਾਬਤ ਬੁਨਿਆਦੀ ਗੱਲ ਇਹ ਹੈ ਕਿ ਇਹ ਬੰਦੇ ਦੇ ਜਨਮ 'ਤੇ ਆਧਾਰਤ ਹੈ । ਕੋਈ ਵੀ ਇਸ ਵੰਡ ਦੀ ਉਲੰਘਣਾ ਨਹੀਂ ਕਰ ਸਕਦਾ । ਇਕ ਜਾਤ ਦਾ ਬੰਦਾ ਦੂਸਰੀ ਜਾਤ ਦਾ ਕੰਮ ਨਹੀਂ ਕਰ ਸਕਦਾ । ਇਸ ਵੰਡ ਦਾ ਆਪਣੀ ਜਾਤ ਨੂੰ ਸੌਂਪਿਆ ਕੰਮ ਕੋਈ ਮਾੜਾ ਵੀ ਕਰੇ ਉਹ ਵੀ ਧਰਮ ਦੇ ਦਾਇਰੇ ਵਿਚ ਹੈ । ਬਿਗਾਨੀ ਜਾਤ ਦਾ ਕੰਮ ਕੋਈ ਚੰਗਾ ਵੀ ਕਰੇ ਉਹ ਕੁਧਰਮ ਹੈ । (ਵੇਖੋ ਗੀਤਾ) ਇਸ ਕੰਮ-ਵੰਡ ਦਾ ਅਸਲਾ ਕੀ ਹੈ ? ਅਸਲਾ ਇਹ ਹੈ ਕਿ ਨਜ਼ਰੀਆ, ਗਿਆਨ, ਵਿਦਿਆ, ਸਿਆਸਤ, ਹਥਿਆਰਬੰਦੀ ਮੇਹਨਤਕਸ਼ ਤਬਕੇ ਦੇ, ਖਾਸ ਕਰ ਸੂਦਰਾਂ ਦੇ, ਦਾਇਰੇ ਵਿਚ ਆ ਹੀ ਨਹੀਂ ਸਕਦੇ । ਸਾਫ਼ ਹੈ ਕਿ ਸਮਾਜ ਦੇ ਜਮਾਤੀ ਅੰਗ ਦਾ ਇਹ ਸਭ ਤੋਂ ਵੱਡਾ ਬੰਨ੍ਹ ਹੈ । ਇਹ ਧਰਮ ਹੈ । ਧਰਮ ਦੀ ਇਸ 'ਤੇ ਮੋਹਰ ਹੈ । ਮੇਹਨਤਕਸ਼ ਤਬਕੇ ਨੂੰ, ਸਮਾਜ ਦੇ ਗੁਲਾਮਾਂ ਨੂੰ ਥਾਂ ਸਿਰ ਤੇ ਅਧੀਨ ਰਖਣ ਵਾਸਤੇ ਕੰਮ ਦੀ ਇਸ ਵੰਡ ਤੇ ਇਸ ਦੀ ਕਲਚਰ ਨਾਲੋਂ, ਜਾਤ ਪਾਤੀ

ਕਲਚਰ ਨਾਲੋਂ, ਜ਼ਿਆਦਾ ਕਾਰਗਰ ਤਰੀਕਾ ਦੁਨੀਆਂ ਦੇ ਤਖਤੇ 'ਤੇ ਈਜਾਦ ਨਹੀਂ ਹੋਇਆ। ਪਰ ਦੂਸਰੇ ਨੁਕਤੇ ਤੋਂ ਕੰਮ ਦੀ ਇਹ ਵੰਡ ਤੇ ਇਸ ਦੀ ਕਲਚਰ ਮਿੱਠਾ ਮੌਹਰਾ ਹੈ। ਅੰਤਲੀ ਵਿਆਖਿਆ ਅਨੁਸਾਰ ਹਾਕਮ ਜਮਾਤ ਉਹ ਹੀ ਤਗਦੀ ਤੇ ਰਿਸ਼ਟ ਪੁਸ਼ਟ ਰਹਿੰਦੀ ਹੈ ਜੋ ਆਪਣਾ ਤਹਿਤ, ਆਪਣਾ ਨਿਜ਼ਾਮ ਬਰਕਰਾਰ ਰਖਦੀ ਹੋਈ, ਮੁਲੱਖਈਏ ਵਿਚ ਪੈਦਾ ਹੋ ਰਹੇ ਹੋਣਹਾਰਾਂ ਨੂੰ ਉਥੋਂ ਖੁੰਬਾਂ ਵਾਂਗ ਪੁਟ ਕੇ ਆਪਣੇ ਵਿਚ ਰਲਾ ਸਕਦੀ ਹੈ, ਆਪਣੇ ਵਿਚ ਜਜ਼ਬ ਕਰ ਸਕਦੀ ਹੈ ਤੇ ਉਹਨਾਂ ਦੀਆਂ ਸ਼ਕਤੀਆਂ, ਯੋਗਤਾਵਾਂ ਨੂੰ ਆਪਣੇ ਵਾਸਤੇ ਵਰਤ ਸਕਦੀ ਹੈ। ਕੰਮ ਦੀ ਇਸ ਵੰਡ ਤੇ ਉਸ ਦੀ ਕਲਚਰ ਦੀ ਕੀਤੀ ਕਰਕੇ ਹਿੰਦੂ ਫਿਊਡਲ ਇਸ ਕਰਨੀ ਦੇ ਅਸਮਰੱਥ ਸੀ। ਸਮਰੱਥ ਹੋ ਹੀ ਨਹੀਂ ਸੀ ਸਕਦਾ। ਉਸ ਦੇ ਮੁਕਾਬਲੇ 'ਤੇ ਮੁਸਲਮਾਨ ਫਿਊਡਲ ਇਸ ਦੇ ਸਮਰੱਥ ਸੀ। ਉਠਦਾ ਪਠੀਰ ਦਲੇਰ ਹੋਵੇ ਸਹੀ, ਉਹ ਮੁਸਲਮਾਨ ਹਾਕਮ ਦੀ ਫ਼ੌਜ ਵਿਚ ਭਰਤੀ ਹੋ ਸਕਦਾ ਸੀ। ਆਪਣੇ ਜੌਹਰ ਵਿਖਾ ਸਕਦਾ ਸੀ। ਮੁਸਲਮ ਫਿਊਡਲ ਨਿਜ਼ਾਮ ਦੇ ਤਖਤ 'ਤੇ ਗੁਲਾਮ ਵੀ ਬਹਿ ਸਕਦਾ ਸੀ। ਜਾਤ ਪਾਤੀ ਕੰਮ ਦੀ ਵੰਡ ਤੇ ਉਸ ਦੀ ਕਲਚਰ ਦਾ ਨਤੀਜਾ ਇਹ ਹੋਇਆ ਕਿ ਹਿੰਦੂ ਫਿਊਡਲ ਬਾਹਰੋਂ ਆਏ ਮੁਸਲਮਾਨ ਫਿਊਡਲ ਅਗੇ ਨਾ ਠਹਿਰ ਸਕਿਆ ਤੇ ਸਦੀਆਂ-ਬੱਧੀ ਉਸ ਦੇ ਮਤੀਹ ਰਿਹਾ। ਜ਼ਾਹਿਰ ਹੈ ਕਿ ਜਮਾਤੀ ਦਾਇਰੇ ਵਿਚ ਵੀ ਕੰਮ ਦੀ ਇਹ ਵੰਡ ਸਭ ਤੋਂ ਨਾਕਸ ਤੇ ਨਿਰਸ ਹੈ।

ਜਾਤ ਪਾਤ ਦੀ ਕੀਤੀ ਕੰਮ ਦੀ ਇਹ ਵੰਡ ਮੁੜਵੀਂ ਪੈਰੀਂ ਉਸ ਦਾ ਕੇਂਦਰੀ, ਬੁਨਿਆਦੀ ਥੰਮ੍ਹ ਸੀ। ਕੰਮ ਦੀ ਇਸ ਵੰਡ ਦਾ ਆਜ਼ਾਦੀ ਦੇ ਪੈਂਤੜੇ ਨਾਲ ਅੱਗ ਪਾਣੀ ਵਾਲਾ ਵੈਰ ਹੈ। ਜੇ ਸਿੱਖ ਲਹਿਰ ਕੰਮ ਦੀ ਇਸ ਵੰਡ ਦੇ ਅਧੀਨ ਇਸ ਦੇ ਦਾਇਰੇ ਵਿਚ ਹੀ ਰਹਿੰਦੀ ਤਾਂ ਉਸ ਵਿਚ ਜਾਨ ਪੈ ਹੀ ਨਹੀਂ ਸੀ ਸਕਦੀ। ਉਸ ਨੂੰ ਆਜ਼ਾਦੀ ਦੇ ਪੈਂਤੜੇ ਦੀ ਲੋਅ ਲੱਗ ਹੀ ਨਹੀਂ ਸੀ ਸਕਦੀ। ਸਿੱਖ ਲਹਿਰ ਦਾ ਪੈਂਤੜਾ ਚੂੰਕਿ ਸਰਬਤ ਦੀ ਆਜ਼ਾਦੀ ਦਾ ਸੀ, ਉਸ ਨੇ ਜਾਤ ਪਾਤ ਦੇ ਇਸ ਬੁਨਿਆਦੀ ਥੰਮ੍ਹ ਨੂੰ ਧੂੜ ਦੇ ਬੱਦਲਾਂ ਵਾਂਗ ਉਡਾਇਆ। ਆਪਣਾ ਨਜ਼ਰੀਆਂ ਹਰ ਇਕ ਦੇ ਅੰਦਰ ਪੁੜਿਆ। ਜਮਾਤੀ, ਜਾਤ ਪਾਤੀ ਕਦਰਾਂ-ਕੀਮਤਾਂ ਨੂੰ ਖੇਹ ਵਿਚ ਰਲਾਇਆ। ਸ਼ੂਦਰਾਂ ਨੂੰ, ਮੁਲੱਖਈਏ ਨੂੰ, ਹਰ ਇਕ ਨੂੰ ਸ਼ਸਤਰਧਾਰੀ ਬਣਾਇਆ। ਸਥਾਪਤੀ ਵਲੋਂ ਖਾਲਸੇ ਨੂੰ ਮਜ਼ਾਕ ਹੋਏ ਕਿ ਗੁਰੂ ਨੇ ਐਰੇ ਗੈਰੇ, ਹਰ ਨੱਥੂ ਖੈਰੇ ਨੂੰ ਹਥਿਆਰ ਫੜਾ ਦਿੱਤੇ ਹਨ, ਇਸ ਦੀ ਫ਼ੌਜ ਨੇ ਲੜਨਾ ਕੀ ਹੈ ? ਪਰ ਆਜ਼ਾਦੀ ਦੀ ਚੇਤਨਤਾ ਨੇ ਆਪਣਾ ਰੰਗ ਵਿਖਾਇਆ। ਚਿੜੀਆਂ ਤੋਂ ਬਾਜ਼ ਤੁੜਾਏ। ਵਿਸਤਾਰ ਵਿਚ ਜਾਣ ਦੀ ਲੋੜ ਨਹੀਂ। ਸਮਝਣ ਵਾਲੀ ਗੱਲ ਇਹ ਹੈ ਕਿ ਲੋਕਾਂ ਨੂੰ ਆਪਣੇ ਨਜ਼ਰੀਏ ਦੀ ਸਾਨ 'ਤੇ ਚੜ੍ਹਾ ਕੇ, ਇਕ-ਮੁਠ ਕਰ ਕੇ, ਸ਼ਸਤਰਧਾਰੀ ਬਣਾ ਕੇ, ਲੜਾਉਣ ਬਗੈਰ ਲਹਿਰ ਆਪਣੇ ਪੈਂਤੜੇ ਦੇ ਰੋਲ ਨੂੰ ਅਦਾ ਕਰਨ ਦੀ ਪਟੜੀ 'ਤੇ ਚੜ੍ਹ ਹੀ ਨਹੀਂ ਸੀ ਸਕਦੀ। ਸੋ ਜਿਸ ਜਿਸ ਅੰਗ ਬਗੈਰ ਸਰਦਾ ਨਹੀਂ ਸੀ, ਜਿਸ ਦੀ ਉਸ ਸਟੇਜ 'ਤੇ ਲਹਿਰ ਨੂੰ ਜਿਗਰੀ ਲੋੜ ਸੀ, ਉਸ 'ਤੇ ਲਹਿਰ ਨੇ ਜਾਤ ਪਾਤ ਦੇ ਵਿਰੁਧ ਸਿਰਧੜ ਦੀ ਲਾਈ। ਜਿਸ ਤਰ੍ਹਾਂ, ਉਸ ਨੇ ਜੱਟਾਂ, ਕਾਰੀਗਰਾਂ, ਕਮੀਨਾਂ ਕਾਂਦੂਆਂ, ਤੇ ਕਾਮਿਆਂ ਚੂਹੜਿਆਂ ਨੂੰ ਆਪਣੇ ਪੈਂਤੜੇ ਤੇ ਲਿਆ ਕੇ ਲੜਾਇਆ, ਉਸ ਤੋਂ ਜ਼ਾਹਿਰ ਹੈ ਕਿ ਉਹ ਆਪਣੇ ਨਿਸ਼ਾਨੇ ਸਿਆਸੀ ਫ਼ੌਜੀ ਤਾਕਤ ਪੈਦਾ ਕਰਨ ਵਿਚ ਕਾਮਯਾਬ ਸੀ। ਉਸ ਨੇ ਉਹ ਕੁਛ ਕਰ ਵਿਖਾਇਆ ਜੋ ਮਾਰਕਸਵਾਦੀ ਲਹਿਰ ਪੰਜਾਬ ਵਿਚ ਅਜੇ ਤਕ ਨਹੀਂ ਕਰ ਸਕੀ।

**ਮਰਦ-ਔਰਤ ਦੇ ਰਿਸ਼ਤੇ ਬਾਰੇ** : ਜਮਾਤੀ ਸਮਾਜ ਦੇ ਮਰਦ ਨੇ ਔਰਤ ਨੂੰ ਸਦੀਆਂ-ਬੱਧੀ ਆਪਣੀ ਜ਼ਰ-ਖਰੀਦ ਹੀ ਸਮਝ ਛੱਡਿਆ ਹੈ। ਇਸ ਨੇ ਉਸ ਨੂੰ ਉਸ ਦੀ ਜਾਇਦਾਦ ਦਾ ਵਾਰਸ ਦੇਣਾ ਹੁੰਦਾ ਹੈ। ਇਸ ਦੀ ਬਾਬਤ ਉਹ ਬਹੁਤ ਪਤਲ-ਚੰਮਾਂ ਹੈ ਅਤੇ ਅਤਿਅੰਤ ਚੁਕੰਨਾ ਰਹਿੰਦਾ



ਹੈ। ਸੁੱਤਾ ਪਿਆ ਵੀ ਬੜਾਅ ਉਠਦਾ ਹੈ। ਔਰਤ ਦੇ ਮਸਲੇ 'ਤੇ ਝਟ ਹੀ ਸੀਖ-ਪਾ ਹੋ ਜਾਂਦਾ ਹੈ ਤੇ ਧੀ ਭੈਣ ਦੀ ਗੱਲ 'ਤੇ ਲੜਨ ਮਰਨ ਨੂੰ ਤਿਆਰ। ਇਸ਼ਕ ਤਾਂ ਜਮਾਤੀ ਸਮਾਜ ਦੇ ਮਰਦ ਦੇ ਕਲੇਜੇ ਦਾ ਰੁਗ ਭਰਦਾ ਹੈ। ਜਾਤ ਪਾਤ ਦੀ ਕਲਚਰ ਨੇ ਔਰਤ ਨੂੰ ਪੁਜ ਕੇ ਜ਼ਲੀਲ ਕੀਤਾ ਹੋਇਆ ਸੀ। ਜਿੰਨੀ ਬ੍ਰਾਹਮਣੀ ਢਾਂਚੇ ਵਿਚ ਔਰਤ ਜ਼ਲੀਲ ਸੀ ਸ਼ਾਇਦ ਹੀ ਹੋਰ ਕਿਤੇ ਇਤਨੀ ਹੋਈ ਹੋਵੇ। ਸਿੱਖ ਲਹਿਰ ਨੇ ਔਰਤ ਨੂੰ ਚੁਕਿਆ। ਬਾਇਜ਼ਤ ਬਣਾਇਆ। ਨਜ਼ਰੀਏ ਦੇ ਦਾਇਰੇ ਵਿਚ ਉਸ ਨੂੰ ਮਰਦ ਦੇ ਸਾਵਾਂ ਵਰਤਾਇਆ। ਔਰਤਾਂ ਨੂੰ ਵੀ ਮਰਦਾਂ ਵਾਂਗ ਹੀ ਚੇਤੰਨ ਕੀਤਾ। ਲੰਗਰ ਪੰਗਤ ਤੇ ਕੰਮ ਦੇ ਖੇਤਰ ਵਿਚ ਉਸ ਨੂੰ ਪਿੱਛੇ ਨਹੀਂ ਰਹਿਣ ਦਿੱਤਾ। ਸਿੱਖ ਲਹਿਰ ਵਿਚ ਔਰਤ 'ਬੋਧੀ' ਨਹੀਂ ਸੀ ਰਹੀ ਤੇ ਨਾ ਹੀ ਮਰਦ ਉਸ ਦਾ ਸ਼ਿਕਾਰੀ। ਔਰਤ ਮਰਦ ਦੇ ਰਿਸ਼ਤੇ ਬਾਬਤ ਲਹਿਰ ਨੇ ਸਿਧਾਂਤਕ ਸੇਧ ਤਾਂ ਦਿੱਤੀ ਤੇ ਉਹ ਵੀ ਬੜੇ ਸੂਖਮ ਤਰੀਕੇ ਨਾਲ। (ਵੇਖੋ 'ਏਕ ਜੋਤਿ ਦੋਇ ਮੂਰਤੀ...ਭਾਈ ਗੁਰਦਾਸ ਤੇ ਸ਼ਬਦ ਮਿਤਰ ਪਿਆਰੇ ਨੂੰ) ਪਰ ਇਸ਼ਕ ਨੂੰ ਅਮਲ ਦੇ ਏਜੰਡੇ 'ਤੇ ਨਹੀਂ ਲਿਆਂਦਾ।* ਸਿੱਖ ਲਹਿਰ ਦੀ ਸਿਰਜੀ ਔਰਤ ਜਿਸ ਨੇ ਲਹਿਰ ਦਾ ਨਜ਼ਰੀਆ—ਨਾਮ—ਆਜ਼ਾਦੀ ਦਾ ਸੱਚ ਗ੍ਰਹਿਣ ਕਰ ਲਿਆ ਸੀ, ਤੇ ਕੰਮ ਦੀ ਜਾਤ ਪਾਤੀ ਵੰਡ 'ਚੋਂ ਨਿਕਲ ਚੁਕੀ ਸੀ—ਮਰਦ ਦੇ ਪੈਰ ਦੀ ਜੁੱਤੀ ਤਾਂ ਬਣ ਹੀ ਨਹੀਂ ਸੀ ਸਕਦੀ ਤੇ ਨਾ ਹੀ ਗੁਰਮੁਖ ਉਸ ਨੂੰ ਏਸ ਰਾਹੇ ਪਾ ਸਕਦਾ ਸੀ। ਪਰ ਲਹਿਰ ਨੇ ਵਿਆਹ ਸ਼ਾਦੀਆਂ ਤੇ ਰਿਸ਼ਤਿਆਂ ਨਾਤਿਆਂ ਵਿਚ ਬਹੁਤੀ ਮੁਦਾਖਲਤ ਨਾ ਕੀਤੀ। ਇਸ ਦੇ ਕਾਰਨ ਸਨ। ਇਕ ਤਾਂ ਹੋਰ ਸਭ ਰਿਸ਼ਤਿਆਂ ਨਾਲੋਂ ਜਿਨਸੀ ਰਿਸ਼ਤਾ ਨਿਰੋਲ ਜ਼ਾਤੀਅਤ ਦਾ ਮਸਲਾ ਹੈ। ਦੂਸਰੇ ਇਸ ਦਾ ਹੱਲ ਇਨਕਲਾਬ ਤੋਂ ਮਗਰੋਂ ਹੋਣਾ ਹੈ। ਤੀਸਰੇ ਇਸ ਦਾ ਕਦਰੇ ਪਛੜੇ ਰਹਿਣਾ ਸਿਆਸੀ ਫੌਜੀ ਤਾਕਤ ਪੈਦਾ ਕਰਨ ਦੇ ਰਾਹ ਵਿਚ ਬਹੁਤਾ ਰੋੜਾ ਨਹੀਂ ਸੀ। ਚੌਥੇ ਲਹਿਰ ਦੀ ਉਸ ਸਟੇਜ 'ਤੇ ਇਸ ਨੂੰ ਛੇੜਿਆਂ ਨੁਕਸਾਨ ਹੋਣ ਦਾ ਅੰਦੇਸ਼ਾ ਸੀ। ਗੱਲ ਹਾਕਮ ਜਮਾਤਾਂ ਦੇ ਰਵੱਈਏ ਦੀ ਨਹੀਂ। ਇਨਕਲਾਬੀ ਲਹਿਰ ਉਹਨਾਂ ਦੇ ਰਵੱਈਏ ਦੀ ਕੀ ਪ੍ਰਵਾਹ ਕਰਦੀ ਹੈ ? ਸਵਾਲ ਹੈ ਲੋਕਾਂ ਦੇ ਰਵੱਈਏ ਦਾ। ਜਦੋ-ਜਹਿਦ ਦੀ ਉਸ ਸਟੇਜ 'ਤੇ ਲੋਕ ਤਿੰਨਾਂ ਹਿੱਸਿਆਂ ਵਿਚ ਵੰਡੇ ਹੁੰਦੇ ਹਨ। ਇਕ ਉਹ ਜੋ ਪਹੁੰਚੇ ਹੋਏ ਹੁੰਦੇ ਹਨ, ਜਿਨ੍ਹਾਂ ਆਪਣੇ ਹੱਡਾਂ ਵਿਚ ਨਜ਼ਰੀਆਂ ਰੱਜ ਕੇ ਰਚਾ ਲਿਆ ਹੁੰਦਾ ਹੈ। ਦੂਸਰੇ ਉਹ ਜੋ ਅਧਵਾਟੇ ਹੁੰਦੇ ਹਨ। ਅਤੇ ਤੀਸਰੇ ਉਹ ਜੋ ਅਜੇ ਬਿਲਕੁਲ ਪਛੜੇ ਹੋਏ ਹੁੰਦੇ ਹਨ ਤੇ ਕਾਬਜ਼ ਕਲਚਰ ਦੀ ਫਾਹੀ ਵਿਚ ਅਜੇ ਕਾਫੀ ਜਕੜੇ ਹੋਏ ਹੁੰਦੇ ਹਨ। ਸਾਡੇ ਮੁਲਕ ਦੀ ਮਜ਼ੂਬੀ ਪਰੰਪਰਾ ਦੇ ਸਿੱਖ ਲਹਿਰ ਐਨ ਉਲਟ ਸੀ। ਉਸ ਪਰੰਪਰਾ ਦਾ ਅਸਲਾ ਸੀ—ਸਮਾਜਕ ਸਿਆਸੀ ਜ਼ਿੰਦਗੀ ਦਾ ਤਿਆਗ। ਤੇ ਸਿੱਖ ਲਹਿਰ ਦੀ ਸਿਆਸੀ ਫ਼ੌਜੀ ਲਾਈਨ ਜਿੰਦ ਜਾਨ ਸੀ। ਅੱਗੇ ਹੀ ਇਸ ਦੇ ਸਿਆਸੀ ਫ਼ੌਜੀ ਅਸਲੇ ਬਾਬਤ ਕਾਫੀ ਸ਼ੋਰ-ਸ਼ਰਾਬਾ ਸੀ। ਉਸ ਦੇ ਪ੍ਰਸੰਗ ਵਿਚ ਇਸ਼ਕ ਦੇ ਮਸਲੇ ਨੂੰ ਛੇੜ ਲੈਣਾ ਇਕ ਬੇਲੋੜਾ ਟੈਂਟਾ ਸਹੇੜਨ ਵਾਲੀ ਗੱਲ ਸੀ ਤੇ ਖ਼ਤਰੇ ਤੋਂ ਖਾਲੀ ਨਹੀਂ ਸੀ। ਸੋ ਲਹਿਰ ਨੇ ਇਸ ਨੂੰ ਉਸ ਪ੍ਰਸੰਗ ਵਿਚ ਸੁਤਿਆਂ ਹੀ ਰਹਿਣ ਦਿੱਤਾ; ਸਹੀ ਸਟੇਜ ਦੇ ਆਇਆਂ ਨਜਿਠਣ ਵਾਸਤੇ ਰਾਖਵਾਂ ਰਖ ਲਿਆ। ਜਾਤ ਪਾਤ ਵਿਰੁਧ ਸਿੱਖ

---

* ਫੀਊਡਲ ਦੇ ਵਿਰੁਧ ਆਪਣੀ ਆਜ਼ਾਦੀ ਵਾਸਤੇ ਲੜਦੇ ਉਸ ਵੇਲੇ ਦੇ ਲੋਕਾਂ ਨੇ ਇਸ਼ਕ ਨੂੰ ਆਪਣੇ ਅਮਲ ਦੇ ਏਜੰਡੇ 'ਤੇ ਤਾਂ ਨਹੀਂ ਲਿਆਂਦਾ, ਪਰ ਔਰਤ-ਮਰਦ ਦੇ ਆਪਸੀ ਰਿਸ਼ਤੇ ਬਾਬਤ ਉਹਨਾਂ ਦਾ ਨਜ਼ਰੀਆ ਕਿੱਸਾ-ਸਾਹਿਤ ਵਿਚ ਰੱਜ ਕੇ ਪੇਸ਼ ਹੋਇਆ। ਵਾਰਸ ਸ਼ਾਹ ਵਿਚ ਇਹ ਇਜ਼ਹਾਰ ਆਪਣੇ ਸਿੱਖਰ 'ਤੇ ਪਹੁੰਚਦਾ ਹੈ।

ਲਹਿਰ ਨੇ ਕੀ ਕੀਤਾ, ਇਸ ਦੀ ਸਹੀ ਸਮਝ ਤਾਂ ਆਉਂਦੀ ਹੈ ਜੇ ਇਹ ਵੇਖਿਆ ਜਾਵੇ ਕਿ ਜਾਤ ਪਾਤੀ ਫਿਊਡਲ ਕਲਚਰ ਵਾਲੀ ਬਣਤਰ ਨੂੰ ਭੰਨ ਕੇ ਉਸ ਨੇ ਆਜ਼ਾਦੀ ਦੇ ਪੈਂਤੜੇ ਵਾਲੇ ਬੰਦੇ ਦੀ ਸਿਰਜਣਾ ਕਿਵੇਂ ਕੀਤੀ ? ਗੁਰਮੁਖ ਦੀ, ਖਾਲਸੇ ਦੀ ਗੁਰੀਲੇ ਦੀ ਮਨੁਖੀ ਬਣਤਰ, ਉਸ ਦਾ ਆਚਰਨ ਕਿਵੇਂ ਸਿਰਜਿਆ ? ਜਿਵੇਂ ਸੰਸਾਰ ਦੀ ਮਾਰਕਸਵਾਦੀ ਲਹਿਰ ਦੇ ਸਾਹਮਣੇ ਮਸਲਾ ਪੇਸ਼ ਹੈ ਕਿ ਬੁਰਜੁਆ ਬਣਤਰ ਨੂੰ ਭੰਨ ਕੇ ਬੰਦੇ ਨੂੰ ਸਮਾਜਵਾਦੀ ਬਣਤਰ ਵਾਲਾ ਕਿਵੇਂ ਬਣਾਉਣਾ ਹੈ ? ਜਿਹੜਾ ਆਪਣੇ ਮਨ ਵਿਚ ਇਹ ਗੱਲ ਬਣਾਈ ਬੈਠਾ ਹੈ ਕਿ ਸਿੱਖ ਲਹਿਰ ਨੇ ਜਾਤ ਪਾਤੀ ਫਿਊਡਲ ਕਲਚਰ ਦੇ ਵਿਰੁਧ ਕੀਤਾ ਕਰਾਇਆ ਕੁਛ ਨਹੀਂ, ਉਹ ਇਹ ਦੱਸੇ ਕਿ ਉਸ ਨੇ ਬੰਦੇ ਦੀ ਆਜ਼ਾਦੀ ਦੇ ਪੈਂਤੜੇ ਤੋਂ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ ਪੰਜਾਹ ਸਾਲ ਤੋਂ ਉਪਰ ਗੁਰੀਲਾ ਜੰਗ ਕਰਵਾਈ ਕਾਹਦੇ ਆਸਰੇ ?

ਮੈਂ ਜਾਤ ਪਾਤ ਦੇ ਮਸਲੇ ਦਾ ਮਾਹਿਰ ਨਹੀਂ। ਜਗਜੀਤ ਸਿੰਘ ਹੋਰਾਂ, ਜਿਨ੍ਹਾਂ ਦੇ ਜਾਤ ਪਾਤ ਬਾਬਤ ਮਜ਼ਮੂਨ **ਸੇਧ** ਵਿਚ ਛਪ ਚੁਕੇ ਹਨ, ਸਿੱਖ ਲਹਿਰ 'ਤੇ ਅੰਗਰੇਜ਼ੀ ਵਿਚ ਕਿਤਾਬ ਲਿਖੀ ਹੈ। ਉਹ ਛੇਤੀ ਹੀ ਛਪਣ ਵਾਲੀ ਹੈ। ਉਹਨਾਂ ਦੀ ਕਿਤਾਬ ਤੋਂ ਸਪਸ਼ਟ ਹੋ ਜਾਵੇਗਾ ਕਿ ਸਿੱਖ ਲਹਿਰ ਨੇ ਸਾਡੇ ਸਮਾਜ ਦੇ ਜਾਤ ਪਾਤੀ ਢਾਂਚੇ ਤੇ ਕਾਬਜ਼ ਸਟੇਟ ਵਿਰੁਧ ਕੀ ਜਹਾਦ ਕੀਤਾ, ਤੇ ਇਹ ਜਹਾਦ ਕਰਨਾ ਹੀ ਉਸ ਦੇ ਨਜ਼ਰੀਏ ਦਾ ਅਸਲਾ ਸੀ। ਮੈਂ ਤਾਂ ਇਹ ਨੋਟ ਸਿਰਫ਼ ਇਸ ਵਾਸਤੇ ਲਿਖਿਆ ਹੈ ਕਿ ਸਿੱਖ ਲਹਿਰ ਨੇ ਜਾਤ ਪਾਤ ਦੇ ਮਸਲੇ ਬਾਬਤ ਕੀ ਕੀਤਾ, ਤੇ ਜੋ ਨਹੀਂ ਕੀਤਾ ਉਹ ਕਿਉਂ ਨਹੀਂ ਕੀਤਾ, ਇਸ ਨੂੰ ਲਹਿਰ ਦੇ ਜਮਾਤੀ ਪੈਂਤੜੇ ਤੇ ਉਸ ਦੀ ਡਾਇਲੈਕਟਿਕ ਦੇ ਪ੍ਰਸੰਗ ਵਿਚ ਹੀ ਸਹੀ ਤਰ੍ਹਾਂ ਵੇਖਿਆ ਜਾ ਸਕਦਾ ਹੈ। ਇਹਨਾਂ ਦੇ ਪ੍ਰਸੰਗ ਤੋਂ ਨਿਖੇੜ ਕੇ ਵੇਖਣਾ ਬਿਲਕੁਲ ਗ਼ਲਤ ਹੈ। ਜਿਸ ਤਰ੍ਹਾਂ ਸਾਡੀ ਫਿਊਡਲ ਕਲਚਰ ਜਾਤ ਪਾਤੀ ਸੀ, ਇਸ ਤਰ੍ਹਾਂ ਹੀ ਸਾਡੀ ਬੁਰਜੁਆ ਕਲਚਰ ਵੀ ਜਾਤ ਪਾਤੀ ਹੈ। ਇਸ ਨੇ ਹਾਈਂ ਮਾਈਂ ਨਹੀਂ ਉਡ ਜਾਣਾ। ਕਲਚਰ ਦੇ ਇਸ ਤੱਥ ਨੂੰ ਨਜ਼ਰ-ਅੰਦਾਜ਼ ਕਰਨਾ ਬੁਰਜੁਆ ਪੈਂਤੜੇ ਦੇ ਹੱਥਾਂ ਵਿਚ ਖੇਡਣਾ ਹੈ। ਸਾਡੀ ਜਾਤ ਪਾਤੀ ਬੁਰਜੁਆ ਕਲਚਰ ਨੇ ਇਨਕਲਾਬ ਨਾਲ ਹੀ ਜੜ੍ਹਾਂ ਤੋਂ ਉਖੜ ਨਹੀਂ ਜਾਣਾ। ਇਨਕਲਾਬ ਤੋਂ ਪਿੱਛੋਂ ਸਮਾਜਵਾਦ ਵਿਚ ਵੀ ਇਹ ਤਣਿਆਂ ਤਕ ਜ਼ੋਰ ਲਵਾਏਗੀ। ਹਲਵਾਰਵੀ ਦਾ ਮੈਂ ਮਸ਼ਕੂਰ ਹਾਂ ਕਿ ਉਸ ਨੇ ਇਕ ਨਵੇਂ ਮਜ਼ਮੂਨ—'ਸਿੱਖ ਲਹਿਰ ਜਾਤ ਪਾਤੀ ਫਿਊਡਲ ਕਲਚਰ ਨਾਲ ਕਿਵੇਂ ਨਿਪਟੀ' ਤੇ ਚਰਚਾ ਛਿੜਵਾ ਲਈ ਹੈ।

---


Send subscriptions & donations to :

* MR. P.S. Mahai
  35, FURROW WAY
  MAIDENHEAD,
  BERKS, U.K.

* Mr. G.S. PANNU
  3362 E, 29th AVE.,
  VANCOUVER-16 (B.C.)

Frice : Rs. 2.00 per copy
Subscription :
Annual (India) : Rs. 20
U.K., U.S.A., Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)




# ਪੁਸਤਕ ਪੜਚੋਲ

* **ਵਿਸਫ਼ੋਟ ਤੋਂ ਪਹਿਲਾਂ**; ਲੇਖਕ ਸਵਰਨ ਸਿੰਘ ਵਰਸੋਲਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ; ਮੁੱਲ : 10 ਰੁਪਏ. 1978.

ਦਹਿਸ਼ਤਵਾਦੀ ਰੁਝਾਨ ਕਿਸੇ ਵੀ ਸਮਾਜ ਵਿਚ ਆਉਣ ਵਾਲੀ ਵੱਡੀ ਪੱਧਰ 'ਤੇ ਜਨਤਕ ਲਹਿਰ ਦਾ ਬਚਪਨ ਹੁੰਦੇ ਹਨ। ਉਨ੍ਹਾਂ ਦੇ ਢੰਗ ਭਾਵੇਂ ਗ਼ਲਤ ਹੁੰਦੇ ਹਨ, ਪਰ ਉਨ੍ਹਾਂ ਪਿਛੇ ਕੰਮ ਕਰਦੀ ਕੁਰਬਾਨੀ ਆਉਣ ਵਾਲੇ ਸਮੇਂ ਵਿਚ ਹਜ਼ਾਰਾਂ ਲੋਕਾਂ ਨੂੰ ਉਨ੍ਹਾਂ ਦੀਆਂ ਖਾਮੀਆਂ ਤੋਂ ਸਬਕ ਸਿਖਣ ਤੇ ਆਪਣੇ ਉਦੇਸ਼ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਦੀ ਪਰੇਰਨਾ ਦਿੰਦੀ ਹੈ। ਹਥਲੀ ਪੁਸਤਕ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਦਹਿਸ਼ਤਵਾਦੀ ਢੰਗ ਦੀ ਸੋਚਣੀ ਨੂੰ ਬਹੁਤ ਹੀ ਵਧੀਆ ਢੰਗ ਨਾਲ ਬਿਆਨ ਕੀਤਾ ਗਿਆ ਹੈ। ਭਾਵੇਂ ਦਹਿਸ਼ਤਵਾਦੀ ਰੁਝਾਨ ਕਿਹਨਾਂ ਵੀ ਹਾਲਾਤ ਵਿਚ ਉਭਰਨ, ਉਨ੍ਹਾਂ ਪਿਛੇ ਕੁਝ ਕੁ ਦਲੀਲਾਂ ਹਮੇਸ਼ਾਂ ਸਾਂਝੀਆਂ ਹੁੰਦੀਆਂ ਹਨ ਤੇ ਇਥੇ ਅਸੀਂ ਇਹਨਾਂ ਦਲੀਲਾਂ—ਉਸ ਤਰਕਸ਼ੀਲਤਾ ਵਲ ਪਾਠਕਾਂ ਦਾ ਧਿਆਨ ਦੁਆਵਾਂਗੇ ਜੋ ਇਕ ਦਹਿਸ਼ਤਵਾਦੀ ਆਪਣੇ ਰੈਸ਼ਨੇਲ ਵਜੋਂ ਵਰਤਦਾ ਹੈ।

ਇਹ ਪੁਸਤਕ 1932–33 ਦੇ ਗੁਰਦਾਸਪੁਰ ਸਾਜ਼ਿਸ਼ ਕੇਸ ਦੀ ਵਾਰਤਾ ਹੈ। ਉਦੇਸ਼ : "ਦੇਸ਼ ਵਿਚ ਸੰਗਠਿਤ ਹਥਿਆਰਬੰਦ ਬਗ਼ਾਵਤ ਕਰ ਕੇ ਅੰਗਰੇਜ਼ ਸਰਕਾਰ ਦਾ ਤਖ਼ਤਾ ਉਲਟਣਾ। ਸਾਰੇ ਭਾਰਤ ਵਿਚ ਜਮਹੂਰੀ ਰਾਜ ਸਥਾਪਤ ਕਰਨਾ, ਜਿਥੇ ਕੋਈ ਵੀ ਭਾਰਤਵਾਸੀ ਨੰਗਾ-ਭੁਖਾ ਨਜ਼ਰ ਨਾ ਆਵੇ, ਸਾਰਾ ਭਾਰਤ ਸੁਖੀ ਵਸੇ।" ਇਹ ਕੰਮ ਹੋਊ ਕਿਸ ਤਰ੍ਹਾਂ ? ਇਸ ਲਈ ਨੌਜਵਾਨਾਂ ਨੂੰ ਪਰੇਰਿਆ ਜਾਵੇ ਤੇ ਹਥਿਆਰ ਇਕੱਠੇ ਕੀਤੇ ਜਾਣ। ਪਰ ਹਥਿਆਰ ਇਕੱਠੇ ਕਰਨ ਲਈ ਮਾਇਆ ਦੀ ਲੋੜ ਹੈ। ਸੋ ਮਾਇਆ ਦਾ ਇੰਤਜ਼ਾਮ ਕੀਤਾ ਜਾਵੇ। ਕਿਵੇਂ ਕੀਤਾ ਜਾਵੇ ? ਕਿਸੇ ਬੈਂਕ, ਆਦਿ ਵਿਚ ਡਾਕਾ ਮਾਰਿਆ ਜਾਵੇ। ਡਾਕਾ ਕਿਵੇਂ ਮਾਰਿਆ ਜਾਵੇ ? ਉਹਦੇ ਲਈ ਵੀ ਤਾਂ ਹਥਿਆਰਾਂ ਦੀ ਲੋੜ ਹੁੰਦੀ ਹੈ ! ਸੋ ਘੱਟੋ ਘੱਟ ਹਥਿਆਰ ਲੈ ਕੇ ਪਹਿਲਾਂ ਇਹ ਕੰਮ ਸਿਰੇ ਚਾੜ੍ਹਿਆ ਜਾਵੇ। ਇਥੇ ਕਿੰਨੀਆਂ ਗੱਲਾਂ ਫਰਜ਼ ਕਰ ਲਈਆਂ ਜਾਂਦੀਆਂ ਹਨ : ਹਥਿਆਰ ਲੈਣ ਵੇਲੇ ਹੀ ਇਨਕਲਾਬੀ ਨਹੀਂ ਡੁੱਕੇ ਜਾਣਗੇ। ਫ਼ਰਜ਼ ਕਰੋ ਇੰਜ ਨਹੀਂ ਹੁੰਦਾ। ਡਾਕੇ ਵੇਲੇ ਵੀ ਉਹ ਨਹੀਂ ਡੁੱਕੇ ਜਾਣਗੇ। ਫੇਰ ਮਾਇਆ ਆਵੇਗੀ, ਪਰਚਾਰ ਹੋਵੇਗਾ, ਨੌਜਵਾਨ ਨਾਲ ਆਉਣਗੇ। ਪੰਜਾਬ ਵਿਚ ਫੈਲਣਗੇ। ਫੇਰ, ਫੇਰ ਸਾਰੇ ਦੇਸ਼ ਵਿਚ ਫ਼ੈਲਣਗੇ। ਪਰ ਅਸਲ ਵਿਚ ਹੁੰਦਾ ਕੀ ਹੈ ? ਜਾਂ ਤਾਂ ਇਨਕਲਾਬੀ ਅਸਲਾ ਲੈਂਦੇ ਹੀ ਫੜੇ ਜਾਂਦੇ ਹਨ ਤੇ ਜਾਂ ਡਾਕੇ ਵੇਲੇ ਤੇ ਜਾਂ ਇਸ ਤੋਂ ਪਿਛੋਂ ਕਿਸੇ

ਕੰਮ ਸਮੇਂ । ਉਹ ਨਿਸ਼ਾਨੇ ਤੱਕ ਕਦੇ ਵੀ ਨਹੀਂ ਪਹੁੰਚ ਪਾਉਂਦੇ । ਗੁਰਦਾਸਪੁਰ ਕੇਸ ਇਸ ਦੀ ਪ੍ਰਤੀਨਿਧ ਮਿਸਾਲ ਹੈ ।

ਗੁਰਦਾਸਪੁਰ ਦੇ ਨੌਜਵਾਨ ਇਕੱਠੇ ਹੋਏ । ਵਿਚਾਰਾਂ ਹੋਈਆਂ । 'ਇਨ੍ਹਾਂ ਬਹਿਸਾਂ ਵਿਚ ਹੀ ਅਸਲੇ ਦਾ ਮਸਲਾ ਸਾਹਮਣੇ ਆਇਆ ।' (ਸਫ਼ਾ 38) ਫੇਰ 'ਮੀਟਿੰਗ ਵਿਚ ਫੰਡ ਦੀ ਗੱਲ ਚੱਲੀ। ਤਾਰਾ ਸਿੰਘ ਨੇ ਕਿਹਾ ਆਪਣੇ ਦੋ ਦੋ ਚਾਰ ਚਾਰ ਰੁਪਏ ਚੰਦੇ ਨਾਲ ਕੰਮ ਨਹੀਂ ਸਰ ਸਕਦਾ । ਬਹੁਤ ਸਾਰਾ ਅਸਲਾ ਇਕੱਠਾ ਕਰਨ ਦਾ ਕੰਮ ਇਕ ਲੰਮਾ ਚੌੜਾ ਜੋੜ ਤੋੜ ਹੈ ਜਿਸ ਲਈ ਵੀ ਬੇਅੰਤ ਮਾਇਆ ਦੀ ਲੋੜ ਹੈ । ਮੈਂ ਆਪ ਅੱਗੇ ਵਿਚਾਰ ਰਖਦਾ ਹਾਂ ਕਿ ਗੁਰਦਾਸਪੁਰ ਤੋਂ ਪਠਾਨਕੋਟ ਰਾਹੀਂ ਡਲਹੌਜ਼ੀ ਨੂੰ ਸਰਕਾਰੀ ਖਜ਼ਾਨਾ ਮੋਟਰ ਲਾਰੀ ਰਾਹੀਂ ਮਹੀਨੇ ਵਿਚ ਇਕ ਦੋ ਵਾਰੀ ਜਾਂਦਾ ਹੈ । ਪਠਾਨਕੋਟ ਤੋਂ ਅੱਗੇ ਇਸ ਨੂੰ ਲੁਟਣਾ ਕੋਈ ਔਖੀ ਗੱਲ ਨਹੀਂ । ਪਰ ਸਵਾਲ ਇਹ ਹੈ ਕਿ ਇਸ ਖ਼ਜ਼ਾਨੇ ਨੂੰ ਕੁਝ ਸਮਾਂ ਲੁਕਾਉਣ ਵਾਸਤੇ ਕੋਈ ਚੰਗੀ ਥਾਂ ਹੋਣੀ ਚਾਹੀਦੀ ਹੈ ਤੇ ਨਾਲ ਹੀ ਅਸਲਾ ਛੁਪਾਉਣ ਦਾ ਟਿਕਾਣਾ ਵੀ ।' (ਸਫ਼ਾ 49) ਫੇਰ ਪਲਾਨਾਂ ਬਣਦੀਆਂ ਰਹੀਆਂ, ਠੁੱਸ ਹੁੰਦੀਆਂ ਰਹੀਆਂ । ਖ਼ਜ਼ਾਨਾ ਨਾ ਲੁਟਿਆ ਗਿਆ ਤੇ ਫੇਰ ਨਵਾਂ ਸੁਝਾਅ ਆਇਆ । ''ਸਾਨੂੰ ਡਾਕਿਆਂ ਨਾਲ ਮਾਇਆ ਇਕੱਠੀ ਕਰਨੀ ਚਾਹੀਦੀ ਹੈ ਤੇ ਡਾਕੇ ਵੀ ਅਮੀਰ ਝੋਲੀ-ਚੁੱਕਾਂ ਦੇ ਘਰ ਮਾਰਨੇ ਚਾਹੀਦੇ ਹਨ ।' (ਸਫ਼ਾ 58) ਆਖ਼ਰ ਐਸਾ ਅਮੀਰ ਝੋਲੀ-ਚੁੱਕ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਮਿਲ ਗਿਆ ਤੇ ਲੱਗੀਆਂ ਡਾਕੇ ਦੀਆਂ ਤਿਆਰੀਆਂ ਸ਼ੁਰੂ ਹੋਣ ।

ਪਰ ਦੇਖੋ ਕੁਦਰਤ ਦੇ ਰੰਗ ! ਐਨੀਆਂ ਦਲੀਲਾਂ ਮਗਰੋਂ ਡਾਕੇ ਦਾ ਪ੍ਰੋਗਰਾਮ ਸਿਰੇ ਚੜ੍ਹਿਆ ਸੀ ਪਰ ਉਸ ਰਾਤ ਤੇਜ਼ ਬਾਰਸ਼ ਆ ਗਈ ਤੇ ਇਨਕਲਾਬੀਆਂ ਨੂੰ ਵਾਪਸ ਮੁੜਨਾ ਪਿਆ । ਇਸ ਐਕਸ਼ਨ ਲਈ ਤਰੀਕ ਅੱਗੇ ਪਾ ਦਿਤੀ ਗਈ । ਸੋ ਅਸਲੇ ਦੀ ਭਾਲ, ਪੈਸੇ ਦੀ ਭਾਲ ਚਲਦੀ ਰਹੀ । ਕੁਝ ਦੇਰ ਬਾਅਦ ਕੁਝ ਪਸਤੌਲ ਮਿਲ ਗਏ । ਇਸ ਸਾਰੇ ਸਮੇਂ ਦੇ ਦੌਰਾਨ ਇਕ ਟਾਊਟ ਨੇ ਉਨ੍ਹਾਂ ਦੀਆਂ ਹਰਕਤਾਂ ਨੂੰ ਤਾੜ ਲਿਆ । ਪੁਲਸ ਨੇ ਪਿੱਛਾ ਕੀਤਾ । ਇਕ ਮੈਂਬਰ ਫੜ੍ਹਿਆ ਗਿਆ, ਹੌਲੀ ਹੌਲੀ ਦੂਸਰੇ ਵੀ ਫੜ੍ਹੇਗੇ । ਸਾਜ਼ਿਸ਼ ਕੇਸ ਦੀਆ ਸੁਰਖ਼ੀਆਂ ਅਖਬਾਰਾਂ ਵਿਚ ਛਪ ਗਈਆਂ ।

'ਇਕ ਹਫ਼ਤੇ ਵਿਚ ਲਗ ਭਗ ਇਕ ਸੌ ਬੰਦਾ ਫੜ੍ਹਿਆ ਗਿਆ । ਜਿਥੇ ਕਿਥੇ ਇਨ੍ਹਾਂ ਇਨ-ਕਲਾਬੀਆਂ ਪਾਣੀ ਦਾ ਘੁੱਟ ਵੀ ਪੀਤਾ ਜਾਂ ਦਮ ਮਾਰਿਆ, ਸਾਹ ਲਿਆ; ਉਹ ਧਰਤੀ ਫੋਲ ਮਾਰੀ । ਅਫ਼ਸਰ ਚੰਗੇਜ਼ ਤੇ ਹਲਾਕੂ ਨੂੰ ਮਾਤ ਕਰ ਗਏ ਸਨ' । (ਸਫ਼ਾ 135) ਮੁਕੱਦਮਾ ਚਲਿਆ ਤੇ 4 ਅਪਰੈਲ 1933 ਨੂੰ ਸੈਸ਼ਨ ਜੱਜ ਨੇ ਫੈਸਲਾ ਸੁਣਾ ਦਿੱਤਾ । ਉੱਨੀ ਲੋਕਾਂ ਨੂੰ 6 ਮਹੀਨੇ ਤੋਂ ਲੈ ਕੇ ਤੇਰਾਂ ਸਾਲਾਂ ਤੱਕ ਦੀ ਸਜ਼ਾ ਹੋਈ । ਨਤੀਜੇ ਵਜੋਂ ਇਨਕਲਾਬੀਆਂ ਦੇ ਆਪਣੇ ਸੁਪਨਿਆਂ ਦੀ ਪਲਾਨ ਧਰੀ ਧਰਾਈ ਰਹਿ ਗਈ ।

ਪੈਂਤੀ ਮੈਂਬਰਾਂ ਦੀ ਇਕ ਮੀਟਿੰਗ ਵਿਚ ਤਾਰਾ ਸਿੰਘ ਨੇ ਭਾਰਤ ਭਰ ਦੀ ਪੱਧਰ 'ਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਪਲਾਨ ਕੀਤੀ ਇਸ ਫ਼ੌਜੀ ਯੁਧ-ਨੀਤੀ ਬਾਰੇ ਇੰਜ ਦੱਸਿਆ ਸੀ : ''ਇਹ ਬਗ਼ਾਵਤ ਜ਼ਿਲ੍ਹਾ ਗੁਰਦਾਸਪੁਰ ਤੋਂ ਅਰੰਭ ਹੋਵੇਗੀ, ਕਿਉਂਕਿ ਇਥੇ ਹਮਲਾ ਕਰਨਾ ਸੌਖਾ ਹੈ । ਉਸ ਨੇ ਆਪਣੀ ਪਲਾਨ ਪੇਸ਼ ਕੀਤੀ ਕਿ ਜਦ ਸਾਡੀ ਤਾਕਤ ਚੋਖੀ ਵੱਧ ਜਾਵੇਗੀ, ਸਾਰੇ ਪੰਜਾਬ ਵਿਚ ਥਾਂ ਥਾਂ ਅੱਡੇ ਕਾਇਮ ਹੋ ਜਾਣਗੇ, ਹਰ ਥਾਂ ਸਾਡੇ ਮੈਂਬਰ ਲੋਕਾਂ ਵਿਚ ਖਿਲਰੇ ਹੋਣਗੇ ਤਾਂ ਫਿਰ ਬਗ਼ਾਵਤ ਦਾ ਕੰਮ ਗੁਰਦਾਸਪੁਰ ਸ਼ਹਿਰ ਤੋਂ ਅਰੰਭ ਕੀਤਾ ਜਾਵੇਗਾ । ਧਾਰੀਵਾਲ ਤੋਂ ਸਰਨਾ ਤਕ ਨਹਿਰ ਦੇ ਸਭ ਪੁਲ ਉਡਾ ਦਿਤੇ ਜਾਣਗੇ । ਖਾਸ ਖਾਸ ਪੁਆਂਇੰਟਾਂ ਉਪਰ ਆਪਣੇ ਨੌਜਵਾਨ ਖੜ੍ਹੇ ਕੀਤੇ ਜਾਣਗੇ



ਤੇ ਫੇਰ ਗੁਰਦਾਸਪੁਰ ਮੈਗਜ਼ੀਨ ਤੇ ਥਾਣੇ ਉਪਰ ਹੱਲਾ ਬੋਲ ਦਿਆਂਗੇ । ਨਾਲ ਹੀ ਜੇਲ੍ਹ ਉਪਰ ਧਾਵਾ ਬੋਲ ਦਿਆਂਗੇ । ਤੇ ਸਭ ਕੈਦੀ ਛੁਡਾ ਕੇ ਨਾਲ ਮਿਲਾ ਲਵਾਂਗੇ । ਫੇਰ ਇਹ ਲਹਿਰ ਹੋਰ ਅੱਗੇ ਵਧੇਗੀ । ਸਾਨੂੰ ਸਾਰੇ ਪੰਜਾਬ ਵਿਚ ਫੈਲਣਾ ਪਵੇਗਾ ।'' (ਸਫ਼ਾ 59-60)

ਇਸ ਸਾਰੀ ਪਲਾਨ ਵਿਚ ਅਸਲਾ ਲੈਣ ਤੋਂ ਲੈ ਕੇ ਬਗ਼ਾਵਤ ਕਰਨ ਤੱਕ ਸਰਕਾਰ ਨੂੰ ਸੁੱਤੀ ਹੋਈ ਫ਼ਰਜ਼ ਕਰ ਲਿਆ ਗਿਆ ਸੀ । ਇਕ ਪੜਾਅ ਦੇ ਨਤੀਜੇ ਨੂੰ ਰੇਲ ਦੇ ਡੱਬੇ ਵਾਂਗ ਅਗਲੇ ਪੜਾਅ ਨਾਲ ਜੋੜ ਦਿੱਤਾ ਗਿਆ ਸੀ । ਕੁੱਲ ਸਕੀਮ ਇਹ ਬਣਦੀ ਹੈ : ਕੁਝ ਲੋਕ, ਕੁਝ ਪਸਤੌਲ, ਖਜ਼ਾਨਾ ਜਾਂ ਮਾਇਆ, ਗੁਰਦਾਸਪੁਰ ਵਿਚ ਬਗ਼ਾਵਤ, ਪੰਜਾਬ ਵਿਚ ਬਗ਼ਾਵਤ, ਭਾਰਤ ਵਿਚ ਬਗ਼ਾਵਤ ।

ਅਸਲੀਅਤ ਵਿਚ ਅਜਿਹੀ ਸੁਫ਼ਨਮਈ ਸਕੀਮ ਕੁਝ ਪਸਤੌਲ ਲੈਣ ਤੇ ਕੁਝ ਮਾਇਆ ਇਕੱਠੀ ਕਰਨ ਦੇ ਪੜਾਅ ਤੋਂ ਅਗਾਂਹ ਨਹੀਂ ਜਾਇਆ ਕਰਦੀ । ਪੁਲਸ ਇਸ ਨੂੰ ਰੋਕ ਲੈਂਦੀ ਹੈ ।...ਪਰ ਇਹ ਲਹਿਰ ਦੇ ਪਹਿਲੇ ਕਦਮ ਹੁੰਦੇ ਹਨ । ਜੋ ਲੋਕ ਅੱਜ ਵੀ ਇੰਜ ਸੋਚਦੇ ਹਨ, ਉਨ੍ਹਾਂ ਨੇ ਪੰਜਾਬ ਦੇ ਪਹਿਲੇ ਨੌਜਵਾਨਾਂ ਦੇ ਉੱਦਮ ਤੋਂ ਕੁਝ ਨਹੀਂ ਸਿਖਿਆ ਲਗਦਾ । ਇਸ ਪੁਸਤਕ ਦਾ ਨਾਂ ਬਹੁਤ ਢੁਕਵਾਂ ਹੈ । ਉਦੇਸ਼ ਤਾਂ ਹੁੰਦਾ ਹੈ ਦੇਸ਼ ਵਿਚ ਗ਼ਰੀਬਾਂ ਦਾ ਰਾਜ ਕਾਇਮ ਕਰਨਾ । ਉਸ ਲਈ ਸਕੀਮ ਵੀ ਹੁੰਦੀ ਹੈ, ਪਰ ਇਹ ਸਕੀਮ ਪਹਿਲੇ ਵਿਸਫ਼ੋਟ ਤੋਂ ਪਹਿਲਾਂ ਹੀ ਟੁੱਟ ਜਾਂਦੀ ਹੈ ।

—ਭਗਵਾਨ ਜੋਸ਼

*** ਅਣਫੋਲਿਆ ਵਰਕਾ** : ਲੇਖਕ ਸ਼ਿਵਨਾਥ,
ਰਵੀ ਸਾਹਿੱਤ ਪ੍ਰਕਾਸ਼ਨ, ਹਾਲ ਬਜ਼ਾਰ, ਅੰਮ੍ਰਿਤਸਰ; ਮੁੱਲ 8 ਰੁਪਏ; 1979;

ਅਮਰੀਕਾ ਵਿਚ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਇਕ ਬਹੁਤ ਹਿਰਦੇ-ਵੇਦਕ ਘਟਨਾ ਵਾਪਰੀ ਸੀ । ਅੰਗਰੇਜ਼ ਹਕੂਮਤ ਨੇ ਗ਼ਦਰ ਪਾਰਟੀ ਨੂੰ ਅੰਦਰੋਂ ਕਮਜ਼ੋਰ ਕਰਨ ਲਈ ਆਪਣੇ ਇਕ ਟਾਊਟ ਬੇਲਾ ਸਿੰਘ ਰਾਹੀਂ ਵੈਨਕੂਵਰ ਦੇ ਗੁਰਦੁਆਰੇ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਿੰਘ ਅਤੇ ਦੋ ਹੋਰ ਇਨਕਲਾਬੀਆਂ ਨੂੰ ਮਰਵਾ ਦਿਤਾ ਸੀ ਤੇ ਹਕੂਮਤ ਦੀ ਸਹਾਇਤਾ ਨਾਲ ਉਹ ਮੁਕਦਮੇਂ ਵਿਚੋਂ ਬੱਚ ਨਿਕਲਿਆ ਸੀ । ਪਿਛੋਂ ਹਿੰਦੁਸਤਾਨ ਵਿਚ ਆ ਕੇ ਉਸ ਨੇ ਸਰਕਾਰ ਦੁਆਰਾ ਬਖ਼ਸ਼ੇ ਗਏ ਮੁਰੱਬਿਆਂ ਉਪਰ ਰਹਿਣਾ ਸ਼ੁਰੂ ਕਰ ਦਿੱਤਾ । ਗ਼ਦਰ ਪਾਰਟੀ ਦੇ ਕੁਝ ਵਰਕਰਾਂ ਨੇ ਦੇਸ਼-ਭਗਤਾਂ ਦਾ ਬਦਲਾ ਲੈਣ ਲਈ ਇਸ ਟਾਊਟ ਨੂੰ ਬਿਲੇ ਲਾਉਣ ਦੀ ਠਾਣ ਰੱਖੀ ਸੀ । ਪਰ ਮਸਲਾ ਸੀ ਕਿਹੜਾ ਪੁਰਸ਼ ਖ਼ੁਸ਼ੀ ਖ਼ੁਸ਼ੀ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਤਿਆਰ ਹੋਵੇ । ਗ਼ਦਰ ਪਾਰਟੀ ਦੇ ਨੇਤਾ ਇਕ ਅਜਿਹੇ ਨੌਜਵਾਨ ਦੀ ਭਾਲ ਵਿਚ ਸਨ ਤੇ ਆਖਰ ਉਨ੍ਹਾਂ ਨੂੰ ਅਜਿਹਾ ਨੌਜਵਾਨ ਲੱਭ ਪਿਆ । ਉਸ ਸ਼ਖ਼ਸ ਦਾ ਨਾਂ ਸੀ ਇੰਦਰ ਸਿੰਘ ਮੁਰਾਰੀ । ਉਹ ਇੰਦਰ ਸਿੰਘ ਤੋਂ ਮੁਰਾਰੀ ਕਿਵੇਂ ਬਣਿਆ ?

ਹਥਲੀ ਪੁਸਤਕ ਇੰਦਰ ਸਿੰਘ ਦੀਆਂ ਉਨ੍ਹਾਂ ਜੀਵਨ-ਘਟਨਾਵਾਂ ਨਾਲ ਸੰਬੰਧਤ ਹੈ ਜਿੰਨਾਂ ਨੇ ਉਸ ਦੇ ਨਾਂ ਨਾਲ 'ਮੁਰਾਰੀ' ਜੋੜ ਦਿੱਤਾ । ਲੇਖਕ ਸ਼ਿਵਨਾਥ ਨੇ ਪੁਸਤਕ ਐਨੇ ਰੋਚਕ ਤੇ ਖ਼ੂਬ-ਸੂਰਤ ਢੰਗ ਨਾਲ ਲਿਖੀ ਹੈ ਕਿ ਪੁਸਤਕ ਪੜ੍ਹਨ ਤੋਂ ਬਾਅਦ ਪਰਭਾਵ ਇਕ ਐਸੀ ਮਹੱਤਵਪੂਰਨ ਫ਼ਿਲਮ ਦਾ ਲੱਗਦਾ ਹੈ ਜਿਸ ਨੂੰ ਕਿਸੇ ਪ੍ਰਤਭਾਸ਼ਾਲੀ ਨਿਰਦੇਸ਼ਕ ਨੇ ਪੂਰੀ ਈਮਾਨਦਾਰੀ ਤੇ ਪੂਰੇ ਤਾਣ ਨਾਲ ਤਿਆਰ ਕੀਤਾ ਹੋਵੇ । ਜੇਕਰ ਉਸ ਨੇ ਪੁਸਤਕ ਨੂੰ ਐਨੇ ਖ਼ੂਬਸੂਰਤ ਢੰਗਾਂ ਨਾਲ ਨਾ ਵੀ ਲਿਖਿਆ ਹੁੰਦਾ, ਤਦ ਵੀ ਲੇਖਕ ਸਾਡੀ ਵਧਾਈ ਦਾ ਹੱਕਦਾਰ ਹੁੰਦਾ ਕਿਉਂਕਿ ਉਸ ਨੇ ਇਕ

ਅਜਿਹੇ ਨਸ਼ੁਕਰੇ ਕੰਮ ਨੂੰ ਹੱਥ ਪਾਇਆ ਹੈ ਜਿਹੋ ਜਿਹੇ ਕੰਮ ਨੂੰ ਬਹੁਤੇ ਨੌਜਵਾਨ ਸ਼ਾਇਦ ਇਸ ਕਰਕੇ ਹੱਥ ਨਹੀਂ ਪਾਉਂਦੇ ਕਿਉਂ ਉਨ੍ਹਾਂ ਲਈ ਇਹ ਕੋਈ ਖਾਸ 'ਇਨਕਲਾਬੀ ਕੰਮ' ਨਹੀਂ ਹੁੰਦਾ। ਹਾਲਾਂਕਿ ਅਜਿਹੇ ਨੌਜਵਾਨ ਵੀ ਬਹੁਤ ਹਨ ਜਿੰਨਾਂ ਲਈ ਮੁਰਾਰੀ ਵਰਗੀ ਜੀਵਨੀ ਕੋਈ ਅਰਥ ਨਹੀਂ ਰਖਦੀ।

ਮੱਧ-ਸ਼੍ਰੇਣੀ ਦੇ ਇਕ ਕਿਸਾਨ ਦੇ ਘਰ ਪੈਦਾ ਹੋ ਕੇ ਇੰਦਰ ਸਿੰਘ ਕਈ ਘਰੇਲੂ ਮਾਮਲਿਆਂ ਦਾ ਧੱਕਿਆ ਆਖ਼ਰ ਪਹਿਲੀ ਜੰਗ ਸਮੇਂ ਫ਼ੌਜ ਵਿਚ ਭਰਤੀ ਹੋ ਗਿਆ। ਉਥੇ ਦੇਸ਼ ਭਗਤ ਫ਼ੌਜੀਆਂ ਦਾ ਸਾਥ ਮਿਲਿਆ ਤੇ ਉਨ੍ਹਾਂ ਦੇ ਜਜ਼ਬੇ ਦੀ ਕੁਝ ਕੁ ਪਾਹ ਵੀ ਲੱਗੀ। ਬਾਅਦ ਵਿਚ ਗੁਰਦੁਆਰਾ ਨਨਕਾਣਾ ਸਾਹਿਬ ਦੇ ਸਾਕੇ ਤੋਂ ਪਰਭਾਵਤ ਹੋ ਕੇ ਉਹ ਸਿੰਘ ਸੱਜ ਅਕਾਲੀ ਵਾਲੰਟੀਅਰ ਬਣ ਗਿਆ। ਇੰਜ ਉਸ ਨੂੰ ਫ਼ੌਜ ਵਿਚੋਂ ਕੱਢ ਦਿੱਤਾ ਗਿਆ। ਆਕਾਲੀ ਲਹਿਰ ਸਮੇਂ ਜੇਲ੍ਹ ਵਿਚ ਰਾਜਸੀ ਕੈਦੀਆਂ ਉਪਰ ਹੋਏ ਪੁਲਸੀ ਅਤਿਆਚਾਰ ਨੇ ਉਸ ਦੀ ਮਾਨਸਿਕਤਾ ਤੇ ਸੋਚਣੀ ਵਿਚ ਵੱਡੀ ਤਬਦੀਲੀ ਲੇ ਆਂਦੀ। 1927 ਤੋਂ ਪਿਛੋਂ ਅਮਰ ਸਿੰਘ 'ਤੇਗ' ਤੇ 'ਕਿਰਤੀ' ਅਖ਼ਬਾਰ ਨਾਲ ਸੰਬੰਧਤ ਹੋਰ ਲੋਕਾਂ ਦਾ ਮੇਲ ਮਿਲਾਪ ਹੋਇਆ। ਤੇ ਫੇਰ ਇਕ ਦਿਨ ਅਚਾਨਕ ਬਾਬਾ ਜੁਆਲਾ ਸਿੰਘ ਨਾਲ ਮੁਲਾਕਾਤ ਹੋਈ ਜਿੰਨਾਂ ਨੇ ਉਸ ਨੂੰ ਵੈਨਕੂਵਰ ਦੇ ਗੁਰਦੁਆਰੇ ਦੀ ਘਟਨਾ ਦੀ ਯਾਦ ਦਿਲਾਈ ਤੇ ਕਿਹਾ ਕਿ ਇਸ ਅਨਰਥ ਦੇ ਬਾਵਜੂਦ ਬੇਲਾ ਸਿੰਘ ਅਜੇ ਵੀ ਜਿਉਂਦਾ ਹੈ। ਬਾਬਾ ਬੋਲਦਾ ਗਿਆ "ਘਾਬਰੀਂ ਨਾ। ਬੰਦਾ ਜਿਹੜਾ ਵੀ ਕੋਈ ਨਾਲ ਲੈਣਾ ਈ ਹੋਰ ਲੈ ਲੈ। ਤੇ ਖਰਚ ਸਾਰਾ ਅਸੀਂ ਕਰਾਂਗੇ। ਕਿਸੇ ਤਰ੍ਹਾਂ ਵੀ ਜੇ ਇਹ ਕੰਮ ਤੁਸਾਂ ਸਿਰੇ ਚਾੜ੍ਹ ਲਿਆ ਤਾਂ ਉਮਰ ਭਰ ਯਾਦ ਰੱਖਾਂਗੇ।"

ਆਖ਼ਰ ਕੁਝ ਹੋਰ ਸਾਥੀਆਂ ਨੂੰ ਨਾਲ ਲੈ ਕੇ ਇੰਦਰ ਸਿੰਘ ਨੇ ਬੇਲਾ ਸਿੰਘ ਨੂੰ ਪਾਰ ਬੁਲਾ ਦਿੱਤਾ।...'ਮੁਗਦੈਤ ਮਾਰ ਕੇ ਮੁਰਾਰ ਨਾਮ ਭਇਓ ਹੈ" ਤੇ ਇੰਜ ਇੰਦਰ ਸਿੰਘ ਹੁਣ ਇੰਦਰ ਸਿੰਘ ਮੁਰਾਰੀ ਬਣ ਗਿਆ, ਬੇਲਾ ਸਿੰਘ ਨੂੰ ਮਾਰਨ ਪਿਛੋਂ ਹੁਣ ਉਸ ਲਈ ਇਕ ਨਵੇਂ ਜੀਵਨ ਦੀ ਸ਼ੁਰੂਆਤ ਹੋਈ। 'ਸਾਰਾ ਦਿਨ ਬਿਨ ਕੰਮੋਂ ਕੋਨੇ ਵਿਚ ਵੜ ਕੇ ਬੈਠੇ ਰਹਿਣ ਤੋਂ ਮੈਂ ਤੰਗ ਪੈ ਗਿਆ ਸਾਂ।' ਆਖਰ ਉਜਾਗਰ ਸਿੰਘ ਦੇ ਘਰ ਡੇਰੇ ਜਾ ਲਾਏ। 'ਰੋਟੀ ਉਹਦੇ ਘਰੋਂ ਖਾ ਆਉਣੀ ਤੇ ਆ ਕੇ ਬੋਹੜ ਦੀ ਛਾਵੇਂ ਬਹਿ ਰਹਿਣਾ।' ਇਸ ਸਮੇਂ ਦੇ ਦੌਰਾਨ ਕਮਿਊਨਿਸਟ ਕਾਰਕੁਨ ਦਲੀਪ ਸਿੰਘ ਜੌਹਲ ਤੇ ਵਿਸ਼ਨੂੰ ਦੱਤ ਦੀ ਉਸ ਨਾਲ ਮੁਲਾਕਾਤ ਹੋਈ ਤੇ ਉਹ ਪਾਰਟੀ ਦੇ ਨੇੜੇ ਹੋ ਗਿਆ। ਉਜਾਗਰ ਸਿੰਘ ਦੇ ਕੋਲੋਂ ਭੱਜ ਕੇ ਭਕਨੇ ਪਹੁੰਚਿਆ ਜਿਥੋਂ ਆਖਰ ਉਹ ਫੜਿਆ ਗਿਆ।

ਪਰ ਗੋਬਿੰਦ ਗੜ੍ਹ ਦੇ ਕਿਲ੍ਹੇ ਵਿਚੋਂ ਹੌਂਸਲੇ ਦਲੇਰੀ ਨਾਲ ਭੱਜ ਨਿਕਲਣ ਕਾਰਨ ਉਹ ਹੁਣ ਪਰਸੰਸਾ ਦਾ ਹੱਕਦਾਰ ਬਣਨ ਦੀ ਬਜਾਏ ਸਭ ਦੀਆਂ ਨਜ਼ਰਾਂ ਵਿਚ ਸ਼ੱਕ ਦਾ ਕੇਂਦਰ ਬਣ ਗਿਆ। ਆਖਰ ਕੋਈ ਕਿਲ੍ਹੇ ਵਿਚੋਂ ਕਿਵੇਂ ਭੱਜ ਸਕਦਾ ਸੀ? ਆਖਰ ਆਦਮੀ ਐਨਾ ਹੌਂਸਲਾ ਹਰ ਵਾਰ ਤਾਂ ਨਹੀਂ ਦਿਖਾ ਸਕਦੈ! ਅਜੀਬ ਖੇਲ ਸੀ! ਦਲੇਰੀ, ਹੌਂਸਲਾ ਤੇ ਕੁਰਬਾਨੀ ਦੀ ਤਮੰਨਾ ਨੇ ਹੁਣ ਉਸ ਦਾ ਜਊਣਾ ਦੋਭਰ ਬਣਾ ਰੱਖਿਆ ਸੀ। ਹੁਣ ਜਾਵੇ ਤਾਂ ਕਿੱਧਰ ਜਾਵੇ? 'ਸਿੱਧੇ ਮੂੰਹ ਰਖਣ ਲਈ ਕੋਈ ਵੀ ਤਿਆਰ ਨਾ ਹੋਇਆ।' 'ਗੱਲ ਦਾ ਸਾਰਿਆਂ ਨੂੰ ਪਤਾ ਸੀ ਤੇ ਹਰ ਕੋਈ ਚਾਹੁੰਦਾ ਸੀ ਕਿ ਮੈਂ ਕਿਤੇ ਉਹਦੇ ਘਰੋਂ ਗ੍ਰਿਫ਼ਤਾਰ ਨਾ ਹੋ ਜਾਵਾਂ।...ਹੁਣ ਥੋੜ੍ਹੇ ਕੀਤਿਆਂ ਘਰ ਵਾੜਨ ਨੂੰ ਵੀ ਕੋਈ ਤਿਆਰ ਨਹੀਂ ਸੀ ਹੁੰਦਾ। ਇੰਨੀ ਘਬਰਾਹਟ ਮੈਂ ਇਸ ਤੋਂ ਪਹਿਲਾਂ ਆਪਣੇ ਬੰਦਿਆਂ ਵਿਚ ਕਦੇ ਨਹੀਂ ਸੀ ਵੇਖੀ। ਜਿਵੇਂ ਮੇਰੇ ਨਾਲੋਂ ਵੀ



ਵਧੇਰੇ ਖਤਰਾ ਉਨ੍ਹਾਂ ਦੀ ਆਪਣੀ ਜਾਨ ਨੂੰ ਪੈ ਗਿਆ ਹੋਵੇ। ਕਈਆਂ ਨੂੰ ਤਾਂ ਮੇਰੀਆਂ ਗੱਲਾਂ 'ਤੇ ਇਤਬਾਰ ਹੀ ਨਾ ਆਉਂਦਾ।'

ਹੁਣ ਗੋਬਿੰਦਪੁਰੇ ਵੀ ਬਹੁਤ ਦੇਰ ਤੱਕ ਅਟਕਿਆ ਨਾ ਗਿਆ 'ਕਿਉਂਕਿ ਸਾਰਾ ਦਿਨ ਤਾਂ ਉਹ ਮੈਨੂੰ ਬਾਹਰ ਹੀ ਨਹੀਂ ਸਨ ਨਿਕਲਣ ਦਿੰਦੇ।' ਫਿਰ ਭੱਟੀਆਂ ਚਾਲੇ ਪਾ ਦਿੱਤੇ। 'ਉਥੇ ਬੜੇ ਤਕੜੇ ਦਿਲ ਵਾਲੇ ਆਦਮੀ ਸਨ। 'ਪਰ ਇਸ ਪਿੰਡ ਵਿਚ ਵੀ ਕੋਈ ਰੱਖਣ ਲਈ ਤਿਆਰ ਨਾ ਹੋਇਆ। ਉਹ ਤਾਂ ਸਗੋਂ ਹੋਰਨਾਂ ਤੋਂ ਵੀ ਵੱਧ ਘਬਰਾਏ ਹੋਏ ਸਨ।' ਸ਼ੱਕੀ ਹੋਣ ਕਾਰਨ ਰਾਮ ਸਿੰਘ ਦੱਤ ਨੇ ਵੀ ਪਾਰਟੀ ਨੂੰ ਮੁਰਾਰੀ ਕੋਲੋਂ ਖ਼ਬਰਦਾਰ ਕਰ ਦਿੱਤਾ। ਉਹ ਹੁਣ ਇਸ ਅਹਿਸਾਸ ਨਾਲ ਰਹਿਣ ਲੱਗਾ ਕਿ ਹਰ ਕੋਈ ਉਸ ਨੂੰ ਪੁਲਸ ਦਾ ਆਦਮੀ ਸਮਝਦਾ ਸੀ। ਕੋਈ ਸਿੱਧੇ ਮੂੰਹ ਗੱਲ ਕਰਨ ਲਈ ਵੀ ਤਿਆਰ ਨਹੀਂ ਸੀ।

ਫੇਰ ਆਇਆ ਦੌਰ 'ਪੀਪਲਜ਼ ਵਾਰ' ਦਾ। ਰਾਮ ਸਿੰਘ ਦੱਤ ਨੇ ਸਮਝਾਇਆ : "ਹੁਣ ਵਕਤ ਈ ਪੇਸ਼ ਹੋ ਜਾ। ਰੋਜ਼ ਰੋਜ਼ ਦੀ ਖੱਜਲ-ਖਰਾਬੀ ਤੋਂ ਛੁਟਕਾਰਾ ਮਿਲ ਜਾਏਗਾ।"

ਅੰਤ ਵਿਚ ਬੇਲਾ ਸਿੰਘ ਨੂੰ ਮਾਰਨ ਦਾ ਰੈਸ਼ਨੇਲ ਮੁਰਾਰੀ ਕਬੀਰ ਦੇ ਸ਼ਲੋਕ ਰਾਹੀਂ ਇੰਜ ਦਿੰਦਾ ਹੈ : 'ਉਸ ਬੰਦੇ ਨੂੰ ਮਾਰ ਦਿਉ ਜਿਸ ਦੇ ਮਰਨ ਨਾਲ ਲੋਕਾਂ ਨੂੰ ਸੁਖ-ਅਰਾਮ ਮਿਲੇ ਤੇ ਜਿਹਦੇ ਮਾਰਨ ਨੂੰ ਸਾਰੇ ਚੰਗਾ ਚੰਗਾ ਆਖਣ। ਕੋਈ ਮਾੜਾ ਨਾ ਸਮਝੇ।' ਪਰ ਜੇਕਰ ਉਹੀ ਲੋਕ ਜਿਹਨਾਂ ਨੇ ਪਹਿਲਾ ਚੰਗਾ ਚੰਗਾ ਕਿਹਾ ਸੀ ਹੁਣ ਤੁਹਾਡੀ ਦਲੇਰੀ ਤੇ ਦਿਆਨਤਦਾਰੀ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਜਾਣ, ਭਾਵੇਂ ਗ਼ਲਤ-ਫ਼ਹਿਮੀ ਨਾਲ ਹੀ, ਤਾਂ ?? ਇਥੋਂ ਤਕ ਕਿ ਤੁਹਾਨੂੰ ਰਹਿਣ ਤੇ ਛੁਪਣ ਲਈ ਹੁਣ ਉਹੀ ਲੋਕ ਢੋਈ ਨਾ ਦੇਣ ਤਾਂ ?? ਕਈਆਂ ਦੇ ਕਹਿਣ ਮੁਤਾਬਕ ਜੇਕਰ ਬੇਲਾ ਸਿੰਘ ਵਰਗੇ ਆਦਮੀ ਨੂੰ ਪਾਰ ਬੁਲਾ ਕੇ ਵੀ ਕੋਈ ਬਾਕੀ ਉਮਰ ਭਰ ਮਾਰਿਆ ਮਾਰਿਆ ਫਿਰੇ ਤਾਂ ਕੀ ਇਹ ਆਪਣੇ ਆਪ ਵਿਚ ਵੱਡਾ ਦੁਖਾਂਤ ਨਹੀਂ ?

—ਭਗਵਾਨ ਜੋਸ਼

## * ਆਹ ਕਿਊ ਦੀ ਸੱਚੀ ਕਹਾਣੀ

ਲੇਖਕ : ਲੂ ਸੁਨ; ਪੰਜਾਬੀ ਰੂਪ : ਕੇ. ਐਲ. ਗਰਗ
ਪਰਕਾਸ਼ਕ : ਪੀਪਲਜ਼ ਬੁੱਕ ਸੈਂਟਰ, ਮੋਗਾ; ਪੰਨੇ : 84; ਮੁੱਲ : 5 ਰੁਪਏ

ਮਹਾਨ ਲੇਖਕ, ਵਿਦਵਾਨ, ਵਿਚਾਰਵਾਨ ਅਤੇ ਇਨਕਲਾਬੀ ਲੂ ਸੁਨ (1981-1836) ਆਧੁਨਿਕ ਚੀਨੀ ਸਾਹਿਤ ਦੇ ਜਨਮਦਾਤਿਆਂ ਵਿਚੋਂ ਮੰਨਿਆ ਜਾਂਦਾ ਹੈ। ਉਹਨੇ ਨਵੇਂ ਚੀਨ ਦੇ ਕੌਮੀ ਸਭਿਆਚਾਰ ਲਈ ਮਾਰਗ ਤਿਆਰ ਕੀਤਾ। "ਆਹ ਕਿਊ ਦੀ ਸੱਚੀ ਕਹਾਣੀ" ਉਹਦੀਆਂ ਪ੍ਰਤੀਨਿਧ ਰਚਨਾਵਾਂ ਵਿਚ ਇਕ ਹੈ। ਇਹ ਅਧ-ਜਗੀਰੂ ਅਤੇ ਅਧ-ਪੂੰਜੀਵਾਦੀ ਸਮਾਜ ਵਿਚ ਉਸ ਸਮੇਂ ਦੇ ਇਕ ਪੇਂਡੂ ਕਾਮੇ ਦੀ ਸੋਚ ਦੇ ਵਿਕਾਸ ਦਾ ਵਰਨਣ ਹੈ, ਜਦੋਂ ਜਮਾਤੀ ਨਿਖੇੜਾ ਤੇ ਜਮਾਤੀ ਟਕਰਾਉ ਜ਼ੋਰ ਫੜ ਰਿਹਾ ਸੀ ਅਤੇ ਕਿਸਾਨੀ ਵਿਚ ਸੋਝੀ ਵਧ ਰਹੀ ਸੀ। ਇਸ ਵਿਚ ਕਿਰਤੀ ਲੋਕਾਂ ਦੀ ਦੁੱਖ ਭੋਗਦੀ ਹੋਂਦ ਦਾ ਵਰਨਣ ਨਾਇਕ ਆਹ ਕਿਊ ਦੀ ਵਾਰਤਾ ਰਾਹੀਂ ਬੜੇ ਸਰਲ ਅਤੇ ਟੁੰਬਵੇਂ ਢੰਗ ਨਾਲ ਕੀਤਾ ਗਿਆ ਹੈ।

ਪੰਜਾਬੀ ਵਿਚ ਇਹਦਾ ਅਨੁਵਾਦ ਪਰਾਪਤ ਹੋਣਾ ਬੜੀ ਸਵਾਗਤ ਜੋਗ ਅਤੇ ਚੰਗੀ ਗੱਲ ਹੈ। ਪਰ...

ਪਰ ਜਿਵੇਂ ਕੁਝ ਕਾਮਰੇਡ ਅਜੇ ਵੀ ਧੋਤੇ ਹੋਏ ਕਪੜਿਆਂ ਵਾਲੇ ਕਮਿਊਨਿਸਟ ਨੂੰ ਬੁਰਜੁਆ ਰੁਚੀਆਂ ਦਾ ਧਾਰਨੀ ਸਮਝਦੇ ਹਨ ਅਤੇ ਅਸਲੀ ਕਮਿਊਨਿਸਟ ਬਾਰੇ ਉਹਨਾਂ ਦਾ ਸੰਕਲਪ ਮੈਲੇ ਕਪੜੇ, ਅਣਨ੍ਹਾਤਾ ਪਿੰਡਾ, ਰੁੱਖੇ ਵਾਲ ਅਤੇ ਭੁੱਖੀ ਝਾਕਣੀ ਹੁੰਦਾ ਹੈ, ਉਸੇ ਪਰਕਾਰ ਇਸ ਪੁਸਤਕ ਦੇ ਪੰਜਾਬੀ ਅਨੁਵਾਦ ਦੇ ਪਰਬੰਧਕਾਂ ਨੇ ਚੰਗੀ ਛਪਾਈ, ਚੰਗੀ ਜਿਲਦਬੰਦੀ ਅਤੇ ਖ਼ਾਸ ਕਰਕੇ ਪਰੂਫ਼-ਰੀਡਿੰਗ ਰਾਹੀਂ ਭਾਸ਼ਾਈ ਸ਼ੁੱਧਤਾ ਨੂੰ ਬੁਰਜੁਆ ਰੁਚੀਆਂ ਸਮਝ ਕੇ ਇਹਨਾਂ ਨੂੰ ਇਸ ਅਗੇਵਧੂ ਪੁਸਤਕ ਦੇ ਨੇੜੇ ਨਹੀਂ ਆਉਣ ਦਿਤਾ। ਮੇਰੀ ਜਾਚੇ ਇਹ ਪੰਜਾਬੀ ਵਿਚ "ਜਿਵੇਂ ਕੰਪੋਜ਼ ਕਰੋ, ਤਿਵੇਂ ਛਾਪੋ" ਦੇ ਸਿਧਾਂਤ ਅਨੁਸਾਰ ਬਿਨਾਂ ਕੋਈ ਵੀ ਪਰੂਫ਼ ਪੜ੍ਹਿਆਂ ਛਾਪੀ ਗਈ ਪਹਿਲੀ ਪੁਸਤਕ ਹੈ। ਉਦਾਹਰਨ ਵਜੋਂ ਇਕ ਥਾਂ ਛਪਿਆ ਹੈ, "ਆਹ ਕਿਊ ਤੂੰ ਔਰਤਾਂ ਈ ਮਰੇਂ !" (ਪੰਨਾ 30) ਪਾਠਕ ਸਿਰ ਖੁਰਕ ਖੁਰਕ ਇਹਦੇ ਅਰਥ ਸੋਚਦਾ ਰਹਿੰਦਾ ਹੈ, ਪਰ ਮਗਰੋਂ ਜਾ ਕੇ ਉਹਨੂੰ ਪਤਾ ਲਗਦਾ ਹੈ ਕਿ ਇਹ "ਆਹ ਕਿਊ ਤੂੰ ਔਂਤਰਾ ਈ ਮਰੇਂ" ਹੈ। ਪੰਨਾ 56 ਉਤੇ ਛਪਿਆ ਹੈ 'ਟੱਟੀ ਜਾਂਦੀ ਸੀ", ਇਹ "ਟੱਪੀ ਜਾਂਦੀ ਸੀ" ਹੈ।

ਅੰਤ ਵਿਚ ਰਹੀ ਅਨੁਵਾਦ ਦੀ ਗੱਲ। ਬਹੁਤੇ ਅਨੁਵਾਦਕ ਅੰਗਰੇਜ਼ੀ ਦੀ ਚਲਦੀ ਚਲਦੀ ਜਾਣਕਾਰੀ ਅਤੇ ਪੰਜਾਬੀ ਦੇ ਮਾਂ-ਬੋਲੀ ਹੋਣ ਕਰਕੇ ਗਿਆਨ ਨੂੰ ਅਨੁਵਾਦ ਲਈ ਕਾਫ਼ੀ ਸਮਝਦੇ ਹਨ; ਵਿਸ਼ੇ ਦੀ ਜਾਣਕਾਰੀ ਉਹਨਾਂ ਲਈ ਬੇਲੋੜੀ ਹੁੰਦੀ ਹੈ। ਅਜਿਹੀ ਸੂਰਤ ਵਿਚ ਬੜੀ ਹਾਸੋਹੀਣੀ ਸਥਿਤੀ ਪੈਦਾ ਹੋ ਜਾਂਦੀ ਹੈ। ਇਹਦੀਆਂ ਅਨੇਕ ਉਦਾਹਰਨਾਂ ਇਸ ਪੁਸਤਕ ਵਿਚ ਵੀ ਮਿਲਦੀਆਂ ਹਨ। ਪਹਿਲੇ ਹੀ ਪੰਨੇ ਉਤੇ "ਕੁਝ ਇਸ ਨਾਵਲ ਬਾਰੇ" ਸਿਰਲੇਖ ਹੇਠ ਲਿਖਿਆ ਹੈ "1911 ਵਿਚ ਪ੍ਰਾਚੀਨ-ਲੋਕਤੰਤਰੀ ਇਨਕਲਾਬ ਦੇ ਸਮੇਂ ਦੇ ਚੀਨ ਦੀ ਹਾਲਤ..." ਇਹ "ਪ੍ਰਾਚੀਨ" ਸ਼ਾਇਦ ਪ੍ਰਮਿਟਿਵ ਜਿਹੇ ਕਿਸੇ ਸ਼ਬਦ ਦਾ "ਮੁੱਢਲੇ" ਦੀ ਥਾਂ ਕੀਤਾ ਗਿਆ ਅਨੁਵਾਦ ਹੈ। ਇਸੇ ਹੀ ਪੰਨੇ ਉਤੇ "ਅਰਧ-ਜਾਗੀਰਦਾਰੀ ਅਤੇ ਅਰਧ-ਸਾਮਰਾਜਵਾਦ" ਵਿਚ ਸਾਮਰਾਜਵਾਦ ਸ਼ਬਦ ਜ਼ਰੂਰ ਪੂੰਜੀਵਾਦ ਦੀ ਥਾਂ ਵਰਤਿਆ ਗਿਆ ਹੋਵੇਗਾ।

ਪੰਨਾ 46 ਉਤੇ : "ਆਹ ਕਿਊ...ਚਾਰੇ ਦੇ ਥੱਬੇ ਨੂੰ ਹੱਥ ਪਾ ਕੇ ਨੀਵੀਂ ਕੰਧ 'ਤੇ ਚੜ੍ਹ ਗਿਆ।" ਇਹਦਾ ਵਿਸ਼ਲੇਸ਼ਣ ਤੁਸੀਂ ਆਪੇ ਹੀ ਕਰਦੇ ਰਹੋ ! ਪੰਨਾ 56 ਅਤੇ 57 ਉਤੇ ਲਿਖਿਆ ਹੈ, "ਆਦਰਯੋਗ ਦੂਰੀ !" ਇਹ ਰਿਸਪੈਕਟੇਬਲ ਡਿਸਟੈਂਸ ਦਾ ਅਨੁਵਾਦ ਹੋਵੇਗਾ। ਪਰ ਰਿਸਪੈਕਟੇਬਲ ਡਿਸਟੈਂਸ ਵਿਚ ਆਦਰ ਦਾ ਤਾਂ ਕੋਈ ਸੁਆਲ ਨਹੀਂ ਹੁੰਦਾ, ਠੀਕ-ਠੀਕ, ਵਾਜਬ ਦੂਰੀ ਹੁੰਦੀ ਹੈ। ਪੰਨਾ 63 ਉਤੇ : "ਉਹ ਜਾਣ ਬੁੱਝ ਕੇ ਜਾਂ ਦੁਰਘਟਨਾ ਵੱਸ 'ਸ਼ਾਂਤ ਆਤਮ-ਸੁਧਾਰ ਮੱਠ' ਕੋਲ ਪਹੁੰਚ ਗਿਆ।" ਦੁਰਘਟਨਾ-ਵੱਸ, ਸਪੱਸ਼ਟ ਹੈ, ਐਕਸੀਡੈਂਟਲੀ ਦਾ ਅਨੁਵਾਦ ਹੈ। ਪਰ ਅਨੁਵਾਦਕ ਜੀ ਨੂੰ ਕੌਣ ਸਮਝਾਵੇ ਕਿ ਐਕਸੀਡੈਂਟਲੀ ਦਾ ਅਨੁਵਾਦ "ਸਬੱਬ ਨਾਲ" ਵੀ ਹੁੰਦਾ ਹੈ !

ਮੁਕਦੀ ਗੱਲ, ਇਹ ਪੰਜਾਬੀ ਅਨੁਵਾਦ ਪੜ੍ਹਨਾ ਇਉਂ ਹੈ ਜਿਵੇਂ ਐਧਰੋਂ-ਉਧਰੋਂ ਚੁੱਕ ਕੇ ਕਿਸੇ ਠੀਕਰੇ ਵਿਚ ਪਾਈ ਹੋਈ ਖੀਰ ਖਾਣੀ ਹੋਵੇ—ਖੀਰ ਵੀ ਉਹ ਜੀਹਦੇ ਉਤੇ ਕੱਕਾ ਰੇਤਾ ਭੁੱਕ ਦਿਤਾ ਗਿਆ ਹੋਵੇ !

—ਪਾਰਖੂ

## * ਅਠਾਰਵੀਂ ਤੋਂ ਵੀਹਵੀਂ ਸਦੀ ਤਕ ਭਾਰਤ ਦਾ ਸਮਾਜਿਕ ਅਤੇ ਆਰਥਿਕ ਵਿਕਾਸ

ਕਿਸੇ ਦੇਸ਼ ਦੀ ਅਜੋਕੀ ਰਾਜਸੀ ਤੇ ਆਰਥਕ ਸਥਿਤੀ ਨੂੰ ਸਮਝਣ ਲਈ ਉਹਦੇ ਮੁਢਲੇ ਆਰਥਿਕ ਤੇ ਸਮਾਜਿਕ ਪਰਬੰਧ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜਿੰਨੀ ਚੰਗੀ ਤਰ੍ਹਾਂ ਇਸ ਪਰਬੰਧ ਨੂੰ ਘੋਖਿਆ



ਤੇ ਸਮਝਿਆ ਜਾਵੇਗਾ, ਉਨੀਂ ਚੰਗੀ ਤਰ੍ਹਾਂ ਹੀ ਅਜੋਕੀ ਸਥਿਤੀ ਬਾਰੇ ਰਾਜਸੀ ਪਰੋਗਰਾਮ ਤੇ ਦਾਅਪੇਚ ਘੜਨੇ ਸੌਖੇ ਹੋਣਗੇ। ਇਸੇ ਲਈ ਮੁਢਲੇ ਸਮਾਜਵਾਦੀ ਦਾਰਸ਼ਨਿਕਾਂ ਨੇ ਆਪਣੇ ਆਪਣੇ ਦੇਸ਼ਾਂ ਦੀ ਆਰਥਿਕ ਤੇ ਸਮਾਜਿਕ ਸਥਿਤੀ ਦਾ ਨਿਰਣਾ ਕਰ ਕੇ ਅਗੇ ਲਈ ਉਸ ਦੀ ਸੇਧ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ।

ਭਾਰਤ ਵਿਚ ਵੀ ਦੇਸੀ ਤੇ ਵਿਦੇਸ਼ੀ ਵਿਦਵਾਨਾਂ ਨੇ ਸਮੇਂ ਸਮੇਂ ਵਖੋ ਵਖਰੇ ਸਮਿਆਂ ਦੇ ਆਰਥਿਕ ਤੇ ਸਮਾਜਿਕ ਵਿਸ਼ਲੇਸ਼ਨ ਕਰਨ ਦੇ ਯਤਨ ਕੀਤੇ ਹਨ। ਜਿੰਨਾਂ ਵਿਚੋਂ ਕੁਝ ਯਤਨ ਵਿਗਿਆਨਿਕ ਦ੍ਰਿਸ਼ਟੀ ਤੋਂ ਕੀਤੇ ਗਏ ਹਨ। ਪਰੰਤੂ ਸਬੂਤ-ਸਮਗਰੀ ਦੀ ਅਣਹੋਂਦ ਤੇ ਉਲਾਰ ਪਹੁੰਚ ਇਹਨਾਂ ਯਤਨਾਂ ਵਿਚ ਅਕਸਰ ਰੜਕਦੀ ਹੈ। ਇਸੇ ਕਾਰਨ ਇਹਨਾਂ ਨਿਰਣਿਆਂ 'ਤੇ ਆਧਾਰਤ ਸਿਟੇ ਵੀ ਅਕਸਰ ਗ਼ਲਤ ਹੁੰਦੇ ਹਨ।

ਇਹ ਨਿਰਣੈ ਵਿਦੇਸ਼ੀ ਭਾਸ਼ਾਵਾਂ, ਖ਼ਾਸ ਕਰਕੇ ਅੰਗਰੇਜ਼ੀ ਵਿਚ ਹੀ ਪਰਾਪਤ ਹਨ, ਜਿਸ ਕਾਰਨ ਭਾਰਤੀ ਭਾਸ਼ਾਵਾਂ ਦੇ ਸਾਧਾਰਨ ਪਾਠਕਾਂ ਦੀ ਪਹੁੰਚ ਤੋਂ ਬਾਹਰੇ ਹਨ। ਇਹਨਾਂ ਨੂੰ ਭਾਰਤੀ ਭਾਸ਼ਾਵਾਂ ਵਿਚ ਉਲਥਾਉਣ ਦਾ ਕੰਮ ਬਹੁਤ ਹੀ ਘਟ ਹੋਇਆ ਹੈ। ਖਾਸ ਕਰਕੇ ਪੰਜਾਬੀ ਵਿਚ ਤਾਂ ਅਜਿਹੇ ਯਤਨ ਬਹੁਤ ਘੱਟ ਹੋਏ ਹਨ, ਜਿਸ ਕਾਰਨ ਸਾਧਾਰਨ ਪੰਜਾਬੀ ਪਾਠਕ ਦਾ ਬੌਧਿਕ ਵਿਕਾਸ ਸੀਮਤ ਰਿਹਾ ਹੈ।

ਭਾਰਤ ਦੇ ਸਮਾਜਿਕ ਤੇ ਆਰਥਿਕ ਨਿਰਣੈ ਕਰਨ ਦੇ ਵਿਦੇਸ਼ੀ ਯਤਨਾਂ ਵਿਚੋਂ ਰੂਸੀ ਵਿਦਵਾਨਾਂ ਤੇ ਖਾਸ ਕਰਕੇ ਸੋਵੀਅਤ ਯੁਗ ਦੇ ਵਿਦਵਾਨਾਂ ਦੇ ਯਤਨ ਕਾਫੀ ਅਹਿਮ ਤੇ ਧਿਆਨ ਦੇ ਪਾਤਰ ਹਨ। ਪਿਛੇ ਜਿਹੇ ਸੋਵੀਅਤ ਪਰਗਤੀ ਪਰਕਾਸ਼ਨ ਗਰਹਿ ਨੇ ਭਾਰਤ ਸਬੰਧੀ ਪੁਸਤਕਾਂ ਦੀ ਇਕ ਲੜੀ ਛਾਪੀ ਹੈ। ਉਹਨਾਂ ਵਿਚੋਂ ਵੀ. ਪਾਵਲੋਵ, ਵੀ. ਰਾਸਤਿਆਨੀਕੋਵ, ਤੇ ਜੀ. ਸਿਰੀਕੋਵ ਦੀ ਸਾਂਝੀ ਲਿਖਤ **ਅਠਾਰਵੀਂ ਤੋਂ ਵੀਹਵੀਂ ਸਦੀ ਤਕ ਭਾਰਤ ਦਾ ਸਮਾਜਿਕ ਤੇ ਆਰਥਕ ਵਿਕਾਸ**, ਹੁਣੇ ਜਿਹੇ ਪੰਜਾਬੀ ਵਿਚ ਪਰਕਾਸ਼ਤ ਹੋਈ ਹੈ। ਇਸ ਦਾ ਉਲਥਾ ਪੰਜਾਬੀ ਲੇਖਕ ਕੇ. ਐਲ. ਗਰਗ ਨੇ ਕੀਤਾ ਹੈ।

ਉਲਥਾਈ ਪੁਸਤਕ ਬਾਰੇ ਗੱਲ ਕਰਨ ਲਗਿਆਂ ਉਸ ਦੇ ਦੋ ਪੱਖ ਘੋਖੇ ਜਾਂਦੇ ਹਨ, ਉਸ ਵਿਚਲੀ ਮੂਲ ਸਮਗਰੀ ਤੇ ਉਸ ਦਾ ਉਲਥਾ। ਮੂਲ ਸਮਗਰੀ ਬਾਰੇ ਕੇਵਲ ਐਨਾ ਹੀ ਕਿਹਾ ਜਾ ਸਕਦਾ ਹੈ, ਇਹ ਭਾਰਤੀ ਤੇ ਵਿਦੇਸ਼ੀ ਖਾਸ ਕਰਕੇ ਅੰਗਰੇਜ਼ ਵਿਦਵਾਨਾਂ ਦੀਆਂ ਲਿਖਤਾਂ 'ਤੇ ਆਧਾਰਤ ਨਿਰੋਲ ਅਕਾਦਮਿਕ ਪੱਧਰ ਦੀ ਲਿਖਤ ਹੈ। ਇਸ ਵਿਚ ਲੇਖਕਾਂ ਨੇ ਆਪਣੇ ਵਲੋਂ ਕੇਵਲ **ਕਿਆਸੀ-ਨਿਰਣੈ** ਹੀ ਪੇਸ਼ ਕੀਤੇ ਹਨ। ਜਿਵੇਂ ਮੈਂ ਮੁੱਢ ਵਿਚ ਕਿਹਾ ਸੀ ਕਿ ਸਬੂਤਾਂ ਦੀ ਅਣਹੋਂਦ ਤੇ ਉਲਾਰ ਪਹੁੰਚ ਕਿਸੇ ਨਿਰਣੈ ਨੂੰ ਪਰੀਪੂਰਨ ਨਹੀਂ ਹੋਂਦ ਦਿੰਦੀ। ਇਹੋ ਘਾਟ ਇਸ ਲਿਖਤ ਵਿਚ ਹੈ, ਕਿਉਂਕਿ ਭਾਰਤੀ ਤੇ ਅੰਗਰੇਜ਼ ਲੇਖਕਾਂ ਦੀ ਪਹੁੰਚ ਜੇ ਉਲਾਰ ਨਹੀਂ ਸੀ, ਤਾਂ ਵੀ ਸ਼ੱਕੀ ਜ਼ਰੂਰ ਹੈ। ਦੂਜੇ **ਕਿਆਸੀ-ਨਿਰਣੈ** ਅਕਸਰ ਅੰਤਰਮੁਖੀ ਹੁੰਦੇ ਹਨ, ਜਿੰਨਾਂ ਵਿਚ ਸ਼ੱਕ ਤੇ ਤਬਦੀਲੀ ਦੀ ਬਹੁਤ ਗੁੰਜਾਇਸ਼ ਹੁੰਦੀ ਹੈ, ਇਸ ਲਈ ਇਸ ਲਿਖਤ ਨੂੰ ਮੁਢਲੀ ਜਾਣਕਾਰੀ ਲਈ ਤਾਂ ਵਰਤਿਆ ਜਾ ਸਕਦਾ ਹੈ, ਪਰੰਤੂ ਇਸ ਤੋਂ ਅਗੇ ਨਹੀਂ।

ਪੁਸਤਕ ਵਿਚ ਅੰਤਲੇ ਰਾਜਸੀ ਸਿੱਟੇ ਵੀ ਵਾਦ ਵਿਵਾਦੀ ਹਨ, ਜਿਹੜੇ ਭਾਰਤ ਦੀ ਕਮਿਊਨਿਸਟ ਲਹਿਰ ਵਿਚ ਵਿਰੋਧਾਂ ਦਾ ਕਾਰਨ ਬਣੇ ਹੋਏ ਹਨ। ਖਾਸ ਕਰਕੇ ਅਜੋਕੀ ਭਾਰਤੀ ਰਾਜ ਸਟੇਟ ਦਾ ਨਿਰਣਾ ਹਰ ਪਾਠਕ ਲਈ ਕਬੂਲ ਕਰਨਾ ਅਸੰਭਵ ਹੈ। ਹਕੀਕਤ ਵਿਚ ਪੁਸਤਕ ਭਾਰਤ

ਬਾਰੇ ਸੋਵੀਅਤ ਵਿਦਵਾਨਾਂ ਦੀ ਉਲਾਰ ਪਹੁੰਚ ਦਾ ਪਰਗਟਾਵਾ ਹੈ। ਇਸ ਬਾਰੇ ਅਜ ਸੋਵੀਅਤ ਵਿਦਵਾਨਾਂ ਵਿਚ ਆਪ ਮੱਤ-ਭੇਦ ਹਨ ।

ਕਿਸੇ ਪੁਸਤਕ ਨੂੰ ਦੂਜੀ ਭਾਸ਼ਾ ਵਿਚ ਉਲਥਾਉਣਾ ਬਹੁਤ ਔਖਾ ਕੰਮ ਹੈ । ਇਸ ਲਈ ਉਲਥਾਕਾਰ ਦਾ ਭਾਸ਼ਾ ਵਿਗਿਆਨੀ ਤੇ ਉਲਥਾਈ ਜਾਣ ਵਾਲੀ ਪੁਸਤਕ ਦੇ ਵਿਸ਼ੇ ਦਾ ਗਿਆਤਾ ਹੋਣਾ ਜ਼ਰੂਰੀ ਹੈ । ਉਲਥਾ ਕੇਵਲ ਲਿਪੀ-ਅੰਤਰ ਕਰਨਾ ਹੀ ਨਹੀਂ ਹੁੰਦਾ, ਬਲਕਿ ਵਿਸ਼ੇ ਨੂੰ ਪੂਰਨ ਤੌਰ 'ਤੇ ਦੂਜੀ ਜ਼ਬਾਨ ਵਿਚ ਉਲਥਾਉਣਾ ਹੁੰਦਾ ਹੈ। ਅਸੀਂ ਅਕਸਰ ਪੰਜਾਬੀ ਜ਼ਬਾਨ ਦੇ ਸਰਬ-ਸਮਰਥ ਹੋਣ ਦੀਆਂ ਗੱਲਾਂ ਕਰਦੇ ਹਾਂ, ਪਰ ਇਸ ਦੀ ਕੰਗਾਲੀ ਉਸ ਸਮੇਂ ਪਰਤੱਖ ਹੁੰਦੀ ਹੈ, ਜਦੋਂ ਅਸੀਂ ਕਿਸੇ ਬੌਧਿਕ ਵਿਸ਼ੇ ਨੂੰ ਉਲਥਾਉਣ ਦਾ ਯਤਨ ਕਰਦੇ ਹਾਂ। ਉਸ ਸਮੇਂ ਅਸੀਂ ਦੂਜੀਆਂ ਬੋਲੀਆਂ ਵਲ ਭਜਦੇ ਹਾਂ : ਤੇ ਉਹਨਾਂ ਦੇ ਸਾਬਤ ਸਬੂਤ ਸ਼ਬਦ, ਸਮੇਤ ਉਚਾਰਨ-ਢੰਗ ਤੇ ਸ਼ਬਦ-ਜੋੜਾਂ ਦੇ ਚੁਕ ਲਿਆਉਂਦੇ ਹਾਂ, ਜਾਂ ਭਾਸ਼ਾ ਵਿਗਿਆਨ ਤੋਂ ਉਲਟ ਉਹਨਾਂ ਦੇ ਅੰਗ ਮਰੋੜ ਉਹਨਾਂ ਦਾ ਪੰਜਾਬੀ-ਕਰਨ ਕਰਨ ਦਾ ਯਤਨ ਕਰਦੇ ਹਾਂ, ਜਿਸ ਨਾਲ ਮਸਲਾ ਹੋਰ ਵੀ ਉਲਝ ਜਾਂਦਾ ਹੈ ।

ਹਥਲੀ ਪੁਸਤਕ ਦਾ ਅੰਗਰੇਜ਼ੀ ਮੂਲ ਬਹੁਤ ਔਖਾ ਹੈ, ਉਸ ਵਿਚ ਵਰਤੇ ਗਏ ਬਹੁਤੇ ਤਕਨੀਕੀ ਸ਼ਬਦਾਂ ਦੇ ਟਾਕਰੇ ਦੇ ਸ਼ਬਦ ਸਾਡੇ ਕੋਲ ਨਹੀਂ ਹਨ। ਗਰਗ ਨੇ ਇਹ ਸ਼ਬਦ ਅਕਾਦਮਿਕ ਕੋਰਸਾਂ ਵਿਚ ਵਰਤੀ ਜਾਣ ਵਾਲੀ ਸ਼ਬਦਾਵਲੀ ਵਿਚੋਂ ਤੇ ਹਿੰਦੀ ਤੋਂ ਲਏ ਹਨ । ਇਸ ਤਰ੍ਹਾਂ ਇਹ ਸ਼ਬਦ ਆਮ-ਫਹਿਮ ਨਹੀਂ ਹਨ। ਸਾਧਾਰਨ ਪੰਜਾਬੀ ਪਾਠਕ ਨੂੰ ਇਹਨਾਂ ਸ਼ਬਦਾਂ ਦੀ ਬਹੁਤੀ ਸਮਝ ਨਹੀਂ ਪਵੇਗੀ । ਅਸਲ ਵਿਚ ਪੰਜਾਬੀ ਵਿਚ ਅਜਿਹੇ ਪਾਠਕਾਂ ਦਾ ਬੌਧਿਕ ਪੱਧਰ ਉੱਚਾ ਕਰਨ ਲਈ ਅਜਿਹੀਆਂ ਪੁਸਤਕਾਂ ਦੀ ਬਹੁਤੀ ਲੋੜ ਹੈ । ਪੰਜਾਬੀ ਵਿਚ ਪੁਸਤਕਾਂ ਅਜਿਹੇ ਪਾਠਕਾਂ ਨੂੰ ਮੁਖ ਰਖ ਕੇ ਲਿਖੀਆਂ ਤੇ ਉਲਥਾਈਆਂ ਜਾਣੀਆਂ ਚਾਹੀਦੀਆਂ ਹਨ ।

ਦੂਜੀਆਂ ਬੋਲੀਆਂ ਤੋਂ ਸ਼ਬਦ ਲੈਣੇ ਸਾਡੀ ਮਜਬੂਰੀ ਹੈ। ਪਰੰਤੂ ਇਹ ਸ਼ਬਦ ਭਾਸ਼ਾ-ਵਿਗਿਆਨ ਅਨੁਸਾਰ ਲਏ ਜਾਣੇ ਚਾਹੀਦੇ ਹਨ । ਉਹਨਾਂ ਨੂੰ ਮੋੜਨਾ ਤੇ ਢਾਲਣਾ ਵੀ ਭਾਸ਼ਾ-ਵਿਗਿਆਨ ਅਨੁਸਾਰ ਚਾਹੀਦਾ ਹੈ। ਬੇ-ਅਸੂਲੇ ਤੇ ਗ਼ੈਰ ਵਿਗਿਆਨਕ ਢੰਗ ਨਾਲ ਅਜਿਹਾ ਕਰਨਾ ਹਾਨੀਕਾਰਕ ਸਾਬਤ ਹੋ ਸਕਦਾ ਹੈ । ਗਰਗ ਨੇ ਵੀ ਕੁਝ ਸ਼ਬਦਾਂ ਨੂੰ ਤੋੜਿਆ ਹੈ, ਜਿਹੜੇ ਰੜਕਦੇ ਹਨ। ਖਾਸ ਕਰਕੇ ਢਾਂਚਾ ਤੇ ਢਾਂਚੀਅਤ ਵਰਗੇ ਸ਼ਬਦ ਬਹੁਤ ਚੁਭਦੇ ਹਨ। ਇਸੇ ਤਰ੍ਹਾਂ 'ਅਧਿਆਇ' ਉਹਨੇ ਸਿਧਾ ਹਿੰਦੀ ਵਿਚੋਂ ਸਮੇਤ ਸ਼ਬਦ-ਜੋੜਾਂ ਤੇ ਉਚਾਰਨ ਦੇ ਲੈ ਲਿਆ ਹੈ, ਜਿਹੜਾ ਪੰਜਾਬੀ ਸੁਭਾਅ ਦੇ ਅਨੁਕੂਲ ਨਹੀਂ ਹੈ। ਹੋਰ ਵੀ ਕਈ ਸ਼ਬਦ ਇਸੇ ਤਰ੍ਹਾਂ ਲਏ ਹਨ। ਇਹਨਾਂ ਦੀ ਥਾਂ ਢੁਕਵੇਂ ਪੰਜਾਬੀ ਸ਼ਬਦ ਪਰਾਪਤ ਹਨ । ਉਹ ਹੀ ਵਰਤੇ ਜਾਣੇ ਚਾਹੀਦੇ ਸਨ ।

ਵਿਸ਼ੇ ਅਨੁਸਾਰ ਪੁਸਤਕ ਬਹੁਤ ਅਹਿਮ ਹੈ । ਵਿਸ਼ਾ ਵੀ ਕਾਫੀ ਗੁੰਝਲਦਾਰ ਹੈ। ਗਰਗ ਨੇ ਇਸ ਨੂੰ ਉਲਥਾਉਣ ਉਤੇ ਬਹੁਤ ਮਿਹਨਤ ਕੀਤੀ ਹੈ। ਵਿਸ਼ੇ ਦੇ ਗੁੰਝਲਦਾਰ ਤੇ ਔਖਾ ਹੋਣ ਕਰ ਕੇ ਇਸ ਵਿਚ ਘਾਟਾਂ ਰਹਿ ਜਾਣੀਆਂ ਵੀ ਕੋਈ ਵੱਡੀ ਗੱਲ ਨਹੀਂ ਹੈ। ਆਸ ਕਰਨੀ ਚਾਹੀਦੀ ਹੈ ਕਿ ਗਰਗ ਕੁਝ ਹੋਰ ਮਿਹਨਤ ਕਰ ਕੇ ਤੇ ਭਾਸ਼ਾ-ਵਿਗਿਆਨ ਦੇ ਅਸੂਲ ਗ੍ਰਹਿਣ ਕਰ ਕੇ ਚੰਗੇ ਸਾਹਿਤਕਾਰ ਦੇ ਨਾਲ ਹੀ ਚੰਗਾ ਉਲਥਾਕਾਰ ਵੀ ਬਣ ਸਕਦਾ ਹੈ ।

ਪੁਸਤਕ ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ ਨੇ ਛਾਪੀ ਤੇ ਪਰਕਾਸ਼ਤ ਕੀਤੀ ਹੈ । ਪਿਆਰਾ ਸਿੰਘ ਨੇ ਛਪਾਈ ਪਖੋਂ ਆਪਣਾ ਮਿਆਰ ਕਾਇਮ ਰਖਿਆ ਹੈ। ਪੁਸਤਕ ਕਾਗਜ਼ ਛਪਾਈ, ਪਰੂਫਰੀਡਿੰਗ ਤੇ ਦਿੱਖ ਵਲੋਂ ਬਹੁਤ ਸੋਹਣੀ ਹੈ। ਅਜਿਹੇ ਵਿਸ਼ੇ ਬਾਰੇ ਅਜਿਹੀਆਂ ਹੀ ਪੁਸਤਕਾਂ ਛਾਪੀਆਂ ਜਾਣੀਆਂ ਚਾਹੀਦੀਆਂ ਹਨ । —ਸੁਰਜੀਤ ਗਿੱਲ



*** Sikhism : A Comparative Study of Its Theology and Mysticism Daljeet Singh, Sterling Publishers Pvt. Ltd., Jullundur, 1979; Price : Rs. 90.**

[ਦੁਨੀਆਂ ਵਿਚ ਗਿਣਤੀ ਦੀਆਂ ਹੀ ਕਿਤਾਬਾਂ ਹਨ ਜਿਨ੍ਹਾਂ ਨੇ ਸੰਸਾਰ ਦੇ ਮਜ਼ਬਾਂ ਦੀਆਂ ਵਿਚਾਰ-ਧਾਰਾਂ ਦੀ ਪਰਖ ਕੀਤੀ ਹੋਵੇ ਅਤੇ ਇਹ ਦਸਿਆ ਹੋਵੇ ਕਿ ਉਹ ਕਿਸ ਕਿਸ ਕਿਸਮ ਦੇ ਜੀਵਨ ਸਿਧਾਂਤਾਂ ਨੂੰ ਪੇਸ਼ ਕਰਦੇ ਹਨ । ਇਸ ਨਜ਼ਰੀਏ ਤੋਂ ਮੈਕਸ ਵੈਬਰ ਅਤੇ ਸਵਿਟਜ਼ਰ ਨੇ ਏਸ਼ੀਆ ਦੇ ਅਤੇ ਪੱਛਮ ਦੇ ਦੇਸ਼ਾਂ ਦੇ ਮਜ਼ਬਾਂ ਦਾ ਮੁਕਾਬਲਾ ਕੀਤਾ ਹੈ । ਏਸੇ ਤਰ੍ਹਾਂ ਔਟੋ ਨੇ ਵਿਦਾਂਤ ਤੇ ਈਸਾਈ ਮਤਾਂ ਦੀ ਅਤੇ ਸਜ਼ੂਕੀ ਨੇ ਬੁੱਧ ਤੇ ਈਸਾਈ ਧਰਮਾਂ ਦੀ ਪਰਖ ਕੀਤੀ ਹੈ। ਜ਼ੈਨਰ ਨੇ ਵੀ ਇਸ ਤਰ੍ਹਾਂ ਦੀ ਜਾਂਚ ਵਿਸਥਾਰ ਨਾਲ ਕੀਤੀ ਹੈ ਅਤੇ ਦਸਿਆ ਹੈ ਕਿ ਇਸਲਾਮ, ਈਸਾਈ ਤੇ ਹਿੰਦੁਸਤਾਨੀ ਮਜ਼ਬਾਂ ਦੇ ਜੀਵਨ ਸਿਧਾਂਤਾਂ ਦਾ ਆਪਸ ਵਿਚ ਕੀ ਫ਼ਰਕ ਹੈ ।

ਹਿੰਦੁਸਤਾਨ ਵਿਚ ਛਪੀ ਇਹ ਪਹਿਲੀ ਕਿਤਾਬ ਹੈ ਜਿਸ ਵਿਚ ਦਲਜੀਤ ਸਿੰਘ ਨੇ ਸਿੱਖੀ ਦੇ ਮੂਲ ਸਿਧਾਂਤ ਦਾ ਬਾਕੀ ਸਭ ਵਡੇ ਧਰਮਾਂ ਨਾਲ ਟਾਕਰਾ ਕਰਦਿਆਂ ਦਸਿਆ ਹੈ ਕਿ ਸਿੱਖੀ ਦਾ ਜੀਵਨ ਆਦਰਸ਼ ਦੂਸਰਿਆਂ ਧਰਮਾਂ ਦੇ ਜੀਵਨ ਆਦਰਸ਼ਾਂ ਨਾਲੋਂ ਕਿਵੇਂ ਭਿੰਨ ਹੈ ਤੇ ਕਿੰਨਾ ਭਿੰਨ ਹੈ ।

ਦਲਜੀਤ ਸਿੰਘ ਹੇਠਾਂ ਲਿਖੇ ਛੇ ਸੁਆਲਾਂ ਦੇ ਆਧਾਰ 'ਤੇ ਹਰ ਧਰਮ ਦੀਆਂ ਖ਼ਾਸੀਅਤਾਂ ਬਿਆਨ ਕਰਦਾ ਹੈ। 1. ਧਰਮ ਦਾ ਮੋਟਾ ਫਲਸਫ਼ਾ ਕੀ ਹੈ ? 2. ਕੀ ਸੰਸਾਰ ਵਾਸਤਵਿਕ ਹੈ ਜਾਂ ਐਵੇਂ ਭਰਮ ਭੁਲਾਵਾ ? 3. ਕੀ ਦੁਨੀਆਂ ਮਨੁਖ ਲਈ ਬੰਧਨ ਅਤੇ ਦੁਖ ਭੋਗਣ ਦੀ ਥਾਂ ਹੀ ਹੈ ਜਾਂ ਇਹ ਸੁਹਾਵੀ ਸੁਹਾਵਣੀ ਥਾਂ ਹੈ ? 4. ਜ਼ਿੰਦਗੀ ਦਾ ਆਦਰਸ਼ ਕੀ ਹੈ ? 5. ਉਸ ਆਦਰਸ਼ ਨੂੰ ਪਾਉਣ ਦਾ ਰਾਹ ਕਿਹੜਾ ਹੈ ? 6. ਆਦਰਸ਼-ਆਦਮੀ ਜਾਂ ਜੀਵਨ-ਮੁਕਤੇ ਦਾ ਜ਼ਿੰਦਗੀ ਵਿਚ, ਖਾਸ ਕਰਕੇ ਸਮਾਜਕ ਤੇ ਸਿਆਸੀ ਜ਼ਿੰਦਗੀ ਵਿਚ, ਕੀ ਰੋਲ ਹੈ ?

ਖ਼ਾਸੀਅਤਾਂ ਦੇ ਆਧਾਰ 'ਤੇ ਲੇਖਕ ਧਰਮਾਂ ਨੂੰ ਅੱਡ ਅੱਡ ਸ਼੍ਰੇਣੀਆਂ ਵਿਚ ਵੰਡਦਾ ਹੈ । ਮੋਟੀਆਂ ਤਿੰਨ ਕਿਸਮਾਂ ਦੱਸੀਆਂ ਗਈਆਂ ਹਨ। **ਇਕ** ਉਹ ਧਰਮ ਹਨ ਜਿਹੜੇ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਰੂਹਾਨੀ ਜੋਤ ਨੂੰ ਪ੍ਰਾਪਤ ਕਰਦੇ ਹਨ ਜਾਂ ਇਉਂ ਕਹਿ ਲਉ ਕਿ ਪ੍ਰਮਾਤਮਾਂ ਨਾਲ ਇਕ-ਮਿਕ ਹੁੰਦੇ ਹਨ। **ਦੂਸਰੇ** ਉਹ ਹਨ ਜੋ ਦੁਨੀਆਵੀ ਜ਼ਿੰਦਗੀ ਨੂੰ ਅਸਲੀਅਤ, ਵਾਸਤਵਿਕ ਤਾਂ ਸਮਝਦੇ ਹਨ; ਉਹ ਇਕ ਪਾਸੇ ਹਉਮੈਂ ਤੋਂ ਉਪਜੀਆਂ ਅਤੇ ਦੂਸਰੇ ਪਾਸੇ ਰੱਬ ਨੂੰ ਪਰਵਾਨ ਕਦਰਾਂ ਕੀਮਤਾਂ ਦਾ ਆਪੋ ਵਿਚ ਨਿਖੇੜ ਤਾਂ ਕਰਦੇ ਹਨ, ਪਰ ਉਹਨਾਂ ਕਦਰਾਂ ਕੀਮਤਾਂ ਦੀ ਸਮਾਜਕ-ਸਿਆਸੀ ਅਮਲ ਵਿਚ ਤਰਜਮਾਨੀ ਕਰਨ ਵਾਸਤੇ ਨਾ ਤਾਂ ਆਪਣੇ ਸਿਧਾਂਤ ਨੂੰ ਸੰਸਥਾਈ ਰੂਪ ਦੇਂਦੇ ਹਨ ਅਤੇ ਨਾ ਹੀ ਉਸ ਦੇ ਆਧਾਰ 'ਤੇ ਜਥੇਬੰਦੀ ਖੜੀ ਕਰ ਕੇ ਉਹਨਾਂ ਚੰਗੀਆਂ ਕਦਰਾਂ-ਕੀਮਤਾਂ ਦੀ ਚੜ੍ਹਤ ਬਣਾਨ ਲਈ ਮੈਦਾਨ ਵਿਚ ਕੁੱਦਦੇ ਹਨ, ਜੂਝਦੇ ਹਨ। **ਤੀਸਰੇ** ਉਹ ਧਰਮ ਹਨ ਜਿਹੜੇ ਮਨੁਖੀ ਜ਼ਿੰਦਗੀ ਦੇ ਕੁਲ ਦੇ ਕੁਲ ਪੱਖਾਂ ਨੂੰ ਆਪਣਾ ਅੰਗ ਸਮਝਦੇ ਹਨ ਅਤੇ ਜੀਵਨ-ਜਾਚ ਦਾ ਆਦਰਸ਼ ਸਰਬੱਤ ਨਾਲ ਪਿਆਰ ਅਤੇ ਕੁਲ ਦਾ ਭਲਾ ਮੰਨਦੇ ਹਨ। ਇਸ ਪਰਕਾਰ ਦੇ ਧਰਮਾਂ ਨੂੰ ਦਲਜੀਤ ਸਿੰਘ ਪੈਗੰਬਰੀ, ਭਵਿੱਖ-ਵਕਤਾ ਰਹੱਸਵਾਦ (**Prophetic mysticism**) ਕਹਿੰਦਾ ਹੈ। ਸਿੱਖ ਧਰਮ ਨੂੰ ਦਲਜੀਤ ਸਿੰਘ ਇਸ ਸ਼੍ਰੇਣੀ ਵਿਚ ਰਖਦਾ ਹੈ ।

ਦਲਜੀਤ ਸਿਘ ਲਿਖਦਾ ਹੈ ਕਿ ਗੁਰੂਆਂ ਮੁਤਾਬਿਕ ਵਾਹਿਗੁਰੂ ਦੁਨੀਆਂ ਦਾ ਕਰਤਾ ਹੈ,

ਰਚਨਹਾਰਾ ਹੈ। ਇਹ ਕੁਦਰਤ ਤੋਂ ਵਖਰਾ ਵੀ ਹੈ ਅਤੇ ਉਸ ਵਿਚ ਰਵ ਵੀ ਰਿਹਾ ਹੈ। ਵਾਹਿਗੁਰੂ ਦਾ ਜਿਹੜਾ ਪਹਿਲੂ ਦੁਨੀਆਂ ਵਿਚ ਰਵ ਰਿਹਾ ਹੈ, ਉਸ ਨੂੰ ਨਾਮ ਕਹਿੰਦੇ ਹਨ। ਰੱਬੀ ਹੁਕਮ ਅਤੇ ਰੱਬ ਦੀ ਰਜ਼ਾ ਸਰਬੱਤ ਦੇ ਪਿਆਰ ਅਤੇ ਸਰਬੱਤ ਦੇ ਭਲੇ ਦੀ ਕਦਰਾਂ-ਕੀਮਤਾਂ ਹਨ। ਰੂਹਾਨੀ ਜ਼ਿੰਦਗੀ ਦਾ ਮਕਸਦ ਸਰਬੱਤ ਦੇ ਪਿਆਰ ਦਾ ਸਰੂਪ ਬਣਨਾ ਹੈ। ਸਾਰੇ ਇਨਸਾਨ ਇਕ ਬਰਾਬਰ ਹਨ। ਵਾਹਿਗੁਰੂ ਗਰੀਬ-ਨਿਵਾਜ ਹੈ ਅਤੇ ਜ਼ਾਲਮਾਂ ਦਾ ਨਾਸ਼ ਕਰਦਾ ਹੈ। ਰੱਬ ਦੀ ਮੇਹਰ ਉਥੇ ਹੁੰਦੀ ਹੈ ਜਿਥੇ ਕਮਜ਼ੋਰਾਂ ਦੀ ਮਦਦ ਹੋਵੇ ਕਿਉਂਕਿ ਰੱਬ ਨਿਆਸਰਿਆਂ ਦਾ ਆਸਰਾ ਅਤੇ ਨਿਘਰਿਆਂ ਦਾ ਘਰ ਹੈ। ਦੁਨੀਆਂ ਦਾ ਤਿਆਗ ਕਰਨ ਨਾਲ ਜਾਂ ਦੁਨੀਆਂ ਨੂੰ ਘਿਰਣਾ ਕਰਨ ਨਾਲ ਰੱਬ ਨਹੀਂ ਮਿਲਦਾ। ਰੱਬ ਨੂੰ ਪਾਉਣ ਦਾ ਰਸਤਾ ਇਹ ਹੈ ਕਿ ਬੰਦਾ ਘਾਲ ਕਰੇ, ਆਪਣੀ ਕਮਾਈ ਸਾਂਝੀ ਕਰੇ ਅਤੇ ਹਰ ਇਕ ਨੂੰ ਬਰਾਬਰ ਦਾ ਸਮਝੇ। ਗੁਰੂਆਂ ਦੀ ਸਾਰੀ ਜ਼ਿੰਦਗੀ ਦੱਸਦੀ ਹੈ ਕਿ ਰੱਬ ਦੀ ਗੁਣ-ਸੂਚਕ ਰਜ਼ਾ ਦਾ ਇਸ ਵਿਚ ਹੀ ਪਾਲਣ ਹੈ ਕਿ ਸਿੱਖ ਪਾਪ (ਸਰਬਤ ਦੇ ਪਿਆਰ ਅਤੇ ਭਲੇ ਦੇ ਵਿਰੁਧ ਜਾਂਦਾ ਅਮਲ) ਅਤੇ ਜ਼ੁਲਮ ਦੇ ਖਿਲਾਫ਼ ਜਹਾਦ ਕਰੇ, ਜਦੋ-ਜਹਿਦ ਕਰੇ ਅਤੇ ਬੰਦਿਆਂ ਨਾਲ ਵੈਰ-ਵਿਰੋਧ, ਖੋਹਾਮਾਹੀ, ਆਪੋ ਧਾਪ, ਮਾੜਿਆਂ 'ਤੇ ਜਬਰ, ਡਰ ਤੇ ਭਉ ਮਤਲਬ ਹਉਮੈ ਦੀ ਫ਼ਿਤਰਤ ਛੱਡ ਕੇ ਇਨਸਾਨਾਂ ਦੀ ਬਰਾਬਰੀ ਵਾਲੀ ਤਰਜ਼ੇ-ਜ਼ਿੰਦਗੀ ਰਾਇਜ਼ ਕਰਨ ਦੀ ਕੋਸ਼ਸ਼ ਕਰੇ।

ਹਉਮੈ ਨੂੰ ਦੂਰ ਕਰਨ ਦਾ ਅਤੇ ਨਾਮ ਨੂੰ ਮਨ ਵਿਚ ਵਸਾਉਣ ਦਾ ਇਕੋ ਹੀ ਤਰੀਕਾ ਹੈ ਅਤੇ ਗੁਰਬਾਣੀ ਉਸ 'ਤੇ ਹੀ ਜ਼ੋਰ ਦੇਂਦੀ ਹੈ। ਇਨਸਾਨ ਦੀ ਪਰਖ ਉਸ ਦੇ ਕੰਮਾਂ ਅਤੇ ਆਚਾਰ ਅਨੁਸਾਰ ਹੁੰਦੀ ਹੈ। ਜਿਵੇਂ ਜਿਵੇਂ ਬੰਦਾ ਹਉਮੈਂ ਅਧੀਨ ਹੋਣ ਵਾਲੇ ਕੰਮਾਂ ਨੂੰ ਤਿਆਗਦਾ ਜਾਂਦਾ ਹੈ ਅਤੇ ਜਿਵੇਂ ਜਿਵੇਂ ਉਹ ਰੱਬ ਦੇ ਹੁਕਮ ਅਤੇ ਰੱਬ ਦੀ ਰਜ਼ਾ ਵਾਲੇ ਕੰਮ ਕਰਨ ਦੇ ਰਾਹੇ ਪਈ ਜਾਂਦਾ ਹੈ, ਉਹ ਗੁਰਮੁਖ ਬਣਨ ਵਲ ਵਧੀ ਜਾਂਦਾ ਹੈ। ਇਹ ਰਾਹ ਜ਼ਾਤੀ ਮੁਕਤੀ ਵਾਸਤੇ ਨਹੀਂ ਹੁੰਦਾ। ਨਿਸ਼ਾਨਾ ਹੁੰਦਾ ਹੈ ਹਉਮੈਂ ਵਾਲੀ ਚੇਤਨਤਾ ਨੂੰ ਛੱਡ ਕੇ ਨਾਮ ਵਾਲੀ ਚੇਤਨਤਾ ਗ੍ਰਹਿਣ ਕਰਨਾ ਅਤੇ ਉਸ ਚੇਤਨਤਾ ਦੇ ਆਧਾਰ 'ਤੇ ਨਾਮ ਦੇ ਸਿਪਾਹੀ ਬਣਨਾ, ਜ਼ਾਤੀ ਸੁਆਰਥ ਵਾਲੇ ਕੰਮਾਂ ਦਾ ਤਿਆਗ ਕਰ ਕੇ ਸਰਬਤ ਦੇ ਭਲੇ ਵਾਲੇ ਕੰਮ ਕਰਨ ਵਾਲੇ ਪਾਸੇ ਆਉਣਾ।

ਗੁਰਮੁਖ ਵਾਸਤੇ ਰਾਹ ਦੁਨੀਆਂ ਨੂੰ ਤਿਆਗਣ ਦਾ ਨਹੀਂ, ਨਾ ਹੀ ਦੁਨੀਆਂ ਤੋਂ ਅਲਗ ਥਲਗ, ਨਿਵੇਕਲੇ ਹੋ ਬਹਿਣ ਦਾ ਹੈ। ਗੁਰਮੁਖ ਦੇ ਤਾਂ ਕੰਮ ਹੀ ਨਹੀਂ ਮੁਕ ਸਕਦੇ। ਜਦ ਤਕ ਇਸ ਸੰਸਾਰ ਦਾ ਹਰ ਮਨੁਖ ਗੁਰਮੁਖ ਨਹੀਂ ਬਣ ਜਾਂਦਾ ਅਤੇ ਹਉਮੈ ਦੀ ਥਾਂ ਹਰ ਥਾਂ ਮਨੁਖੀ ਪ੍ਰੇਮ ਦਾ ਰਾਜ ਨਹੀਂ ਹੋ ਜਾਂਦਾ; ਮਤਲਬ ਜਦ ਤਕ ਹਉਮੈਂ ਵਾਲੀ ਜ਼ਿੰਦਗੀ ਖ਼ਤਮ ਨਹੀਂ ਹੋ ਜਾਂਦੀ ਅਤੇ ਸਰਬਤ ਦੇ ਪਿਆਰ ਵਾਲਾ ਸਿਸਟਮ ਕਾਇਮ ਨਹੀਂ ਹੋ ਜਾਂਦਾ, ਗੁਰਮੁਖ ਲਈ ਤਾਂ ਨਿਤ ਦਿਨ ਕੰਮ ਹੀ ਕੰਮ ਹੈ। ਹਉਮੈਂ—ਪਰਧਾਨ ਸਿਸਟਮ ਨਾਲ ਗੁਰਮੁਖ ਦੀ ਸਦਾ ਟੱਕਰ ਰਹਿੰਦੀ ਹੈ। ਗੁਰਮੁਖ ਗ਼ਰੀਬਾਂ ਦਾ ਆਸਰਾ ਬਣਦਾ ਹੈ; ਉਹ ਜ਼ਾਬਰਾਂ ਤੇ ਜ਼ਾਲਮਾਂ ਨਾਲ ਲੋਹਾ ਲੈਂਦਾ ਹੈ।

ਸਿੱਖ ਗੁਰੂਆਂ ਦੀ ਆਪਣੀ ਜ਼ਿੰਦਗੀ ਤੇ ਕਰਨੀ ਇਸ ਗੱਲ ਦੀ ਮਿਸਾਲ ਹੈ ਕਿ ਗੁਰਮੁਖ ਦਾ ਇਸ ਦੁਨੀਆਂ ਵਿਚ ਕੀ ਰੋਲ ਹੈ। ਬੰਦੇ ਵਿਚ, ਸਮਾਜ ਵਿਚ ਅਤੇ ਰਾਜਸੀ ਪ੍ਰਬੰਧ ਵਿਚ ਜੋ ਜੋ ਨੁਕਸ ਸਨ, ਗੁਰੂ ਨਾਨਕ ਨੇ ਜ਼ੋਰਦਾਰ ਆਵਾਜ਼ ਵਿਚ ਉਹਨਾਂ ਬਾਰੇ ਦਸਿਆ। ਉਹਨਾਂ ਨਵੇਂ ਪੰਥ ਦੀ ਨੀਂਹ ਰਖੀ ਅਤੇ ਸਿੱਖੀ ਸਿਧਾਂਤ ਦੇ ਕੇ ਸਿੱਖਾਂ ਨੂੰ ਉਸ ਰਸਤੇ ਚਲਾਇਆ। ਗੁਰੂ ਅਮਰਦਾਸ ਨੇ ਬਾਈ ਸੈਂਟਰ ਖੋਲ੍ਹ ਕੇ ਪੰਥ ਦੇ ਸੰਸਥਾਈ ਕੰਮ ਨੂੰ ਅਗੇ ਵਧਾਇਆ। ਪੰਥ ਦੀ ਹਸਤੀ ਹੋਂਦ ਜਦ



ਪੱਕੇ ਪੈਰੀਂ ਕਾਇਮ ਹੋ ਗਈ ਤਾਂ ਪੰਜਵੇਂ ਗੁਰੂ ਨੇ ਸੱਚੀ ਪਾਤਸ਼ਾਹੀ ਦਾ ਐਲਾਨ ਕਰ ਦਿਤਾ। ਨਾਲ ਹੀ ਖੁਸਰੋ ਦੀ ਮਦਦ ਕਰ ਕੇ ਮੁਗਲ ਹਕੂਮਤ ਨਾਲ ਟਕਰ ਲੈਣੀ ਸ਼ੁਰੂ ਕਰ ਦਿਤੀ। ਆਪਣੀ ਕੁਰਬਾਨੀ ਦੇ ਕੇ ਪੰਥ ਨੂੰ ਨਿੱਗਰ ਬਣਾਇਆ। ਛੇਵੇਂ ਗੁਰੂ ਨੇ ਗੁਰੂ ਅਰਜਨ ਦੇਵ ਦੇ ਹੁਕਮ ਮੁਤਾਬਿਕ ਫੌਜੀ ਟਰੇਨਿੰਗ ਦੇਣੀ ਆਰੰਭ ਕਰ ਦਿਤੀ ਤੇ ਮੀਰੀ ਦਾ ਕੇਂਦਰ ਅਕਾਲ ਤਖ਼ਤ ਨੂੰ ਬਣਾਇਆ। ਉਸੇ ਪ੍ਰੋਗਰਾਮ 'ਤੇ ਅਗੇ ਚਲਦਿਆਂ ਗੁਰੂ ਹਰਿਰਾਏ ਨੇ ਦਾਰੇ ਨਾਲ ਮੁਲਾਕਾਤ ਕਰਕੇ ਮੁਗਲ ਰਾਜ ਨਾਲ ਟੱਕਰ ਲਈ। ਗੁਰੂ ਤੇਗ਼ ਬਹਾਦਰ ਨੇ ਔਰੰਗਜ਼ੇਬ ਦੀ ਇਹ ਸਲਾਹ ਠੁਕਰਾ ਦਿਤੀ ਕਿ ਗੁਰੂ ਫ਼ੌਜੀ ਪ੍ਰੋਗਰਾਮ ਤਿਆਗ ਦੇਵੇ। ਉਹਨਾਂ ਸ਼ਹੀਦੀ ਦਿਤੀ। ਮੁਗ਼ਲ ਰਾਜ ਨਾਲ ਇਹ ਟੱਕਰ ਲਗਾਤਾਰ ਚਲਦੀ ਰਹੀ, ਜਦ ਤਕ ਕਿ ਜ਼ਬਰ ਤੇ ਜ਼ੁਲਮ ਦੇ ਰਾਜ ਦੀ ਸਟੇਟ ਸਿੱਖਾਂ ਢਾਹ ਨਹੀਂ ਲਈ। ਗੁਰੂਆਂ ਦੇ ਸਿਧਾਂਤ ਅਤੇ ਜੀਵਨ-ਜਾਚ ਦੇ ਮੁਤਾਬਿਕ ਗੁਰੂ ਦੇ ਸਿੱਖ, ਗੁਰਮੁਖ ਬਣ ਕੇ, ਹਉਮੈਂ ਵਾਲੀਆਂ ਕਦਰਾਂ-ਕੀਮਤਾਂ ਦੇ ਖਿਲਾਫ਼, ਮਨੁਖ-ਦੋਖੀ ਸਟੇਟ ਦੇ ਖਿਲਾਫ਼, ਜਬਰ ਤੇ ਜ਼ੁਲਮ ਵਾਲੇ ਰਾਜ ਦੇ ਖਿਲਾਫ਼, ਐਸੇ ਸਮਾਜ ਦੇ ਖਿਲਾਫ਼ ਜਿਸ ਵਿਚ ਕਾਣੀ-ਵੰਡ ਹੋਵੇ, ਹਮੇਸ਼ਾਂ ਹਮੇਸ਼ਾਂ ਲੜਦੇ ਆਏ ਹਨ। ਜਦ ਤਕ ਹਰ ਮਨੁਖ ਗੁਰਮੁਖ ਨਹੀਂ ਬਣ ਜਾਂਦਾ, ਜਦ ਤਕ ਸਰਬਤ ਦੇ ਭਲੇ ਵਾਲਾ, ਸਾਂਝੀਵਾਲਤਾ ਵਾਲਾ ਸਮਾਜ ਸਥਾਪਿਤ ਨਹੀਂ ਹੋ ਜਾਂਦਾ, ਨਾਮ ਗ੍ਰਹਿਣ ਕਰ ਕੇ ਗੁਰਮੁਖ ਬਣੇ ਸਿੱਖ ਆਪਣੀ ਜਦੋਜਹਿਦ ਨੂੰ ਜਾਰੀ ਰਖਣਗੇ। ਇਸ ਜਦੋ-ਜਹਿਦ ਨੂੰ ਹੀ ਦਲਜੀਤ ਸਿੰਘ ਸਿੱਖ ਧਰਮ ਕਹਿੰਦਾ ਹੈ।

ਹੇਠਾਂ ਅਸੀਂ ਮਾਰਕ ਜੁਅਰਜਨਸ ਮੇਅਰ ਦਾ ਕੀਤਾ ਇਸ ਕਿਤਾਬ ਦਾ ਰੀਵੀਊ ਦੇ ਰਹੇ ਹਾਂ।

—ਸੰਪਾਦਕ]

**ਸਬੱਬ** ਇੰਜ ਬਣਿਆ ਕਿ ਦਲਜੀਤ ਸਿੰਘ ਦੀ ਕਿਤਾਬ ਮੈਂ ਉਸ ਹਫ਼ਤੇ ਪੜ੍ਹੀ ਜਦ ਮੈਂ ਮੈਕਸ ਵੈਬਰ ਅਤੇ ਦੁਨੀਆਂ ਦੇ ਧਰਮਾਂ ਬਾਰੇ ਹੋ ਰਹੀ ਇਕ ਕਾਨਫਰੰਸ ਦੇ ਕੰਮ ਵਿਚ ਰੁਝਿਆ ਹੋਇਆ ਸਾਂ। ਇਸ ਸਦੀ ਦੇ ਪਹਿਲੇ ਦਹਾਕਿਆਂ ਵਿਚ ਜਦ ਮਹਾਨ ਜਰਮਨ ਸਮਾਜ-ਵਿਗਿਆਨੀ ਵੈਬਰ ਨੇ ਇਹ ਸਮਝਣ-ਸਮਝਾਣ ਦੀ ਕੋਸ਼ਿਸ਼ ਵਿਚ ਕਿਤਾਬਾਂ ਲਿਖੀਆਂ ਕਿ ਭਾਰਤ ਤੇ ਚੀਨ ਦੇ ਧਰਮਾਂ ਵਿਚ ਅਗਲੀ-ਦੁਨੀਆਂ ਦੀ ਵਧੇਰੇ ਚਿੰਤਾ ਦੇ ਮੁਕਾਬਲੇ ਵਿਚ ਪਛਮ ਦੀ ਪ੍ਰੋਟੈਂਸਟੈਂਟ ਈਸਾਈ ਰਿਵਾਇਤ ਵਿਚ ਏਸੇ ਸੰਸਾਰ ਵਿਚ ਤਿਆਗ ਜਾਂ ਫਕੀਰੀ ਦਾ ਅੰਸ਼ ਕਿਉਂ ਤੇ ਕਿਵੇਂ ਹੈ, ਉਦੋਂ ਸਿੱਖਾਂ ਦਾ ਧਰਮ ਤੇ ਸਮਾਜ ਨਜ਼ਰ-ਅੰਦਾਜ਼ ਹੋ ਗਏ। ਹਿੰਦੁਸਤਾਨ ਵਿਚ ਬ੍ਰਾਹਮਣੀ ਮੱਤ ਅਤੇ ਵਿਦਾਂਤ ਦਾ ਗ਼ਲਬਾ ਰਿਹਾ ਹੈ। ਸਿੱਖ ਧਰਮ ਪਰ, ਇਹਨਾਂ ਨਾਲੋਂ ਬਿਲਕੁਲ ਵੱਖਰਾ ਹੈ। ਇਸ ਧਰਮ ਦਾ ਡੂੰਘਾ ਤੇ ਗੰਭੀਰ ਅਧਿਐਨ ਸ਼ਾਇਦ ਵੈਬਰ ਨੂੰ ਘਟੋ ਘਟ ਪੰਜਾਬ ਬਾਰੇ ਆਪਣੇ ਵਿਚਾਰ ਅਤੇ ਕੱਢੇ ਸਿੱਟੇ ਬਦਲਣ 'ਤੇ ਮਜਬੂਰ ਕਰ ਦੇਂਦਾ। ਸਿੱਖੀ ਵਿਚ ਘਾਲ ਘਾਲਣ, ਕਿਰਤ ਕਰਨ, ਸੰਜਮ ਅਤੇ ਇਨਸਾਨੀ ਕਦਰਾਂ ਕੀਮਤਾਂ 'ਤੇ ਜ਼ੋਰ ਹੈ। ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਵਿਚ ਸੰਸਾਰ ਵੀ ਹੈ ਅਤੇ ਸੰਸਾਰ ਦਾ ਤਿਆਗ ਵੀ ਹੈ। ਜ਼ਿੰਦਗੀ ਵਿਚ ਗਹਿ-ਗੱਚ ਜੀਊਣਾ ਵੀ ਹੈ ਅਤੇ ਫਕੀਰੀ ਵੀ ਹੈ।

ਮਾਇਆ ਦਾ ਤਿਆਗ ਤੇ ਸਰਬਤ ਦਾ ਭਲਾ—ਕੀ ਇਹ ਆਦਰਸ਼ ਕੇਵਲ ਸਿੱਖੀ ਵਿਚ ਹੀ ਹਨ? ਦਲਜੀਤ ਸਿੰਘ ਦਾ ਇਹੀ ਵਿਚਾਰ ਹੈ। ਇਸ ਦਿਲਚਸਪ ਕਿਤਾਬ ਵਿਚ (ਜੋ ਕਿ ਇਕ ਪਰਕਾਰ ਨਾਲ ਵੈਬਰ ਦੇ ਪ੍ਰਾਜੈਕਟ ਦਾ ਹੀ ਰਤਾ ਛੋਟਾ ਆਕਾਰ ਹੈ) ਲੇਖਕ, ਵੈਬਰ ਵਾਲੇ

ਮਸਲਿਆਂ ਬਾਰੇ ਹੀ ਕਈ ਮੁਢਲੇ ਸੁਆਲ ਉਠਾਉਂਦਾ ਹੈ—ਤੇ ਦਸਦਾ ਹੈ ਕਿ ਸਿੱਖ ਧਰਮ ਵਿਚ ਦੁਨੀਆਵੀ ਜ਼ਿੰਦਗੀ ਤੇ ਰੂਹਾਨੀ ਜ਼ਿੰਦਗੀ ਦਾ ਆਪਸ ਵਿਚ ਕੀ ਸਬੰਧ ਹੈ। ਉਹ ਸਿੱਖ ਧਰਮ ਦਾ ਦੂਸਰੇ ਧਰਮਾਂ ਨਾਲ ਮੁਕਾਬਲਾ ਕਰਦਾ ਹੈ। ਇਹਨਾਂ ਅਤੇ ਹੋਰਨਾਂ ਮਸਲਿਆਂ ਬਾਰੇ ਜਾਂਚ ਪੜਤਾਲ ਕਰਦਾ ਹੋਇਆ ਲੇਖਕ ਦਸ ਵਖਰੇ ਵਖਰੇ ਧਰਮਾਂ ਦੀ ਪੁਣ ਛਾਣ ਕਰਦਾ ਹੈ (ਵੇਦਕ, ਉਪਨਿਸ਼ਦ, ਈਸਾਈ ਤੇ ਸੂਫ਼ੀ ਆਦਿ) ਅਤੇ ਕਿਤਾਬ ਦੇ ਦੂਸਰੇ ਭਾਗ ਵਿਚ ਉਹ ਇਹਨਾਂ ਮੱਤਾਂ ਦਾ ਸਿੱਖ ਗੁਰੂਆਂ ਦੇ ਰਹੱਸਵਾਦ, ਸਦਾਚਾਰਕ ਸਿਖਿਆ ਅਤੇ ਸਿਧਾਂਤਾਂ ਨਾਲ ਮੁਕਾਬਲਾ ਕਰਦਾ ਹੈ। ਅੰਤ ਵਿਚ ਪਾਠਕ ਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਲੇਖਕ ਨੇ ਇਤਨਾ ਜ਼ਿਆਦਾ ਮਸਾਲਾ ਖੋਜ ਕਢਿਆ ਹੈ ਕਿ ਉਸ ਨੂੰ ਚੰਗੀ ਤਰ੍ਹਾਂ ਜੋੜਣਾ ਵੀ ਔਖਾ ਜਾਪਦਾ ਹੈ। ਫਿਰ ਵੀ ਉਸ ਦੇ ਕੀਤੇ ਜਤਨ ਕਰਕੇ ਅਤੇ ਮਸਾਲੇ ਨੂੰ ਪੁਟ ਕੇ ਉਘਾੜਣ ਕਰਕੇ ਅਸੀਂ ਉਸ ਦੇ ਮਸ਼ਕੂਰ ਹਾਂ।

ਅਸਲ ਵਿਚ ਦਲਜੀਤ ਸਿੰਘ ਨੇ ਉਹ ਕੰਮ ਕੀਤਾ ਹੈ ਜਿਹੜਾ ਹੁਣ ਤਕ ਅਣਗੌਲਿਆ ਪਿਆ ਰਿਹਾ ਸੀ। ਮਤਲਬ ਸਿੱਖੀ ਅਸੂਲਾਂ ਦਾ ਦੂਸਰੇ ਧਰਮਾਂ ਦੇ ਅਸੂਲਾਂ ਨਾਲ ਮੁਕਾਬਲਾ ਕਰਨਾ। ਐਸੀ ਵਿਚਾਰ ਦੇ ਦੋ ਲਾਭ ਹੁੰਦੇ ਹਨ। ਇਕ ਤਾਂ ਇਹ ਕਿ ਸਿੱਖ ਧਰਮ ਦੇ ਵਿਦਵਾਨਾਂ ਦਾ ਧਿਆਨ ਇਹ ਵਿਚਾਰ ਉਹਨਾਂ ਸਿਧਾਂਤਾਂ ਵਲ ਦਿਵਾਉਂਦੀ ਹੈ ਜੋ ਦੂਸਰੇ ਧਰਮਾਂ ਵਿਚ ਵੀ ਪਾਏ ਜਾਂਦੇ ਹਨ ਅਤੇ ਦੂਸਰੇ ਇਹ ਕਿ ਹੋਰਨਾਂ ਧਰਮਾਂ ਦੇ ਵਿਦਵਾਨਾਂ ਦਾ ਧਿਆਨ ਸਿੱਖ ਧਰਮ ਦੇ ਉਹਨਾਂ ਅਸੂਲਾਂ ਵਲ ਖਿੱਚਦੀ ਹੈ ਜਿਹੜੇ ਵਿਦਵਾਨਾਂ ਦੀ ਖੋਜ ਤੋਂ ਹੁਣ ਤਕ ਬਾਹਰ ਰਹੇ ਹੁੰਦੇ ਹਨ।

ਪਰ ਮੁਕਾਬਲੇ ਦੀ ਖੋਜ ਕਰਨਾ ਬੜਾ ਔਖਾ ਕੰਮ ਹੁੰਦਾ ਹੈ, ਕੁਝ ਪੱਖ ਹਮੇਸ਼ ਬੜੇ ਧੁੰਦਲੇ ਰਹਿੰਦੇ ਹਨ। ਵੈਬਰ ਦੀਆਂ ਲਿਖਤਾਂ ਦਾ ਵੀ ਇਹੀ ਹਾਲ ਸੀ। ਇਸ ਕਿਤਾਬ ਵਿਚ ਵੀ ਦੋ ਪੱਖ ਧੁੰਦਲੇ ਹਨ। ਦੋਵੇਂ ਪੱਖ ਸਿਧਾਂਤਕ ਸਟਸ਼ਟਤਾ ਦੇ ਹਨ। **ਪਹਿਲਾ** ਮਸਲਾ ਹੈ ਕਿ ਕਿਸ ਸਪਸ਼ਟਤਾ ਨਾਲ ਕਿਸੇ ਧਰਮ ਦੇ ਮੋਟੇ ਮੋਟੇ ਸਿਧਾਂਤਾਂ ਨੂੰ ਅਤੇ ਉਹਨਾਂ ਦੀਆਂ ਨੁਹਾਰਾਂ ਨੂੰ ਦਸਿਆ ਜਾਂਦਾ ਹੈ। **ਦੂਸਰਾ** ਸੁਆਲ ਹੈ ਉਹਨਾਂ ਪੱਖਾਂ ਦੇ ਦਸਣ ਦਾ ਜਿਹੜੇ ਸਾਰਿਆਂ ਧਰਮਾਂ ਵਿਚ ਮਿਲਦੇ ਹਨ। ਦਲਜੀਤ ਸਿੰਘ ਦੀ ਪਹਿਲੀ ਮੁਸ਼ਕਲ ਇਹ ਹੈ ਕਿ ਉਸ ਦਾ ਦੂਸਰੇ ਧਰਮਾਂ ਬਾਬਤ ਮਸਾਲਾ ਮਹਿਦੂਦ ਹੈ। ਭਾਵੇਂ ਉਹ ਵਿਦਵਾਨ ਕਿਤਨੇ ਵੀ ਵਧੀਆ ਹੋਣ ਪਰ ਜੇ ਤੁਸੀਂ ਬੁਧ ਧਰਮ ਦੀ ਤਸਵੀਰ ਖਿੱਚਣ ਵੇਲੇ ਕੇਵਲ ਕੁਮਾਰਾਸੁਆਮੀ ਤੇ ਐਲਨ-ਵਾਟਸ 'ਤੇ ਨਿਰਭਰ ਹੋਵੋ, ਤੇ ਸੈਵਾ ਮਤ ਵਾਸਤੇ ਭੰਡਾਰਕਰ ਉਤੇ, ਅਤੇ ਈਸਾਈ ਰਹੱਸਵਾਦ ਵਾਸਤੇ ਸਿਡਨੀ ਸਪੈਨਸਰ 'ਤੇ, ਤਾਂ ਕੁਝ ਹੱਦ ਤਕ ਤਸਵੀਰ ਸਾਵੀਂ ਨਹੀਂ ਰਹਿੰਦੀ। ਨਾਲੇ ਦਲਜੀਤ ਸਿੰਘ ਦੀ ਰਹੱਸਵਾਦ ਵਿਚ ਦਿਲਚਸਪੀ ਉਹਨੂੰ ਧਰਮਾਂ ਦੇ ਖ਼ਾਸ ਪਹਿਲੂਆਂ ਵਲ ਖਿਚਦੀ ਹੈ। ਮਸਲਨ ਈਸਾਈ ਧਰਮ ਨੂੰ ਦਸਣ ਵੇਲੇ ਉਹ ਐਖਰਟ ਵਲ ਬਹੁਤ ਜ਼ਿਆਦਾ ਧਿਆਨ ਦੇਂਦਾ ਹੈ।

ਰਹੱਸਵਾਦ ਦਾ ਸੰਕਲਪ ਬਹੁਤ ਟੇਡਾ ਹੈ। ਇਹ ਦਲਜੀਤ ਸਿੰਘ ਦੀ ਦੂਸਰੀ ਮੁਸ਼ਕਲ ਹੈ। ਰਹੱਸਵਾਦ ਦੇ ਅਰਥ ਹਰ ਕਿਸਮ ਦੇ ਹੋ ਸਕਦੇ ਹਨ। ਦਲਜੀਤ ਸਿੰਘ ਨੇ ਜ਼ੈਨਰ ਦੇ ਆਧਾਰ 'ਤੇ ਬੜੇ ਖੁਲ੍ਹੇ ਤੇ ਤਿਲਕਵੇਂ ਅਰਥ ਲਏ ਹਨ। ਚੰਗਾ ਹੋਵੇ ਕਿ ਕੁਝ ਸਮੇਂ ਲਈ ਧਰਮ ਦੀਆਂ ਸਾਰੀਆਂ ਕਿਤਾਬਾਂ ਵਿਚੋਂ ਲਫ਼ਜ਼ ਰਹੱਸਵਾਦ ਕਢ ਦਿੱਤਾ ਜਾਵੇ। ਵਿਦਵਾਨਾਂ ਨੂੰ ਚਾਹੀਦਾ ਹੈ ਕਿ ਉਹ ਇਕ ਸੰਕਲਪ ਜਾਂ ਅਮਲ ਨੂੰ ਵਿਸਥਾਰ ਨਾਲ ਦਸ ਦੇਣ ਤੇ ਫਿਰ ਉਸ ਦਾ ਮੁਕਾਬਲਾ ਦੂਸਰੇ ਧਰਮਾਂ ਵਿਚ ਮਿਲਦੇ ਜੁਲਦੇ ਸੰਕਲਪ ਜਾਂ ਅਮਲ ਨਾਲ ਕਰਨ। ਰਹੱਸਵਾਦ ਦੇ ਸੰਕਲਪ ਦੀ ਮੁਸ਼ਕਲ ਨੂੰ ਹਲ ਕਰਨ ਦੀ ਲੋੜ ਨਹੀਂ। ਸ਼ਾਇਦ ਐਸੀ ਕੋਸ਼ਿਸ਼ ਫਜ਼ੂਲ ਵੀ ਹੋਵੇ, ਕਿਉਂਕਿ ਰਹੱਸਵਾਦ ਦਾ ਸੰਕਲਪ ਬੜਾ ਅਮੂਰਤ ਹੈ ਤੇ ਠੀਕ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ।

ਦਲਜੀਤ ਸਿੰਘ ਦੀ ਲਿਖਤ ਦਾ ਸਭ ਤੋਂ ਅੱਛਾ ਹਿੱਸਾ ਉਹ ਹੈ ਜਦੋਂ ਉਹ ਸਿੱਖ ਗੁਰੂਆਂ ਦੇ ਉਪਦੇਸ਼ਾਂ ਨੂੰ, ਉਹਨਾਂ ਦੇ ਲਿਖੇ ਬਚਨਾਂ ਤੋਂ ਦਸਦਾ ਹੈ। ਪਰ ਏਥੇ ਵੀ ਸਪਸ਼ਟਤਾ ਦੀ ਮੁਸ਼ਕਲ ਆ ਜਾਂਦੀ ਹੈ। ਉਹ ਗੁਰੂਆਂ ਦੇ ਸਿਧਾਂਤ ਨੂੰ ਪੈਗੰਬਰੀ ਰਹੱਸਵਾਦ ਕਹਿੰਦਾ ਹੈ। ਮੋਟੇ ਤੌਰ 'ਤੇ ਗੁਰੂਆਂ ਦੇ ਸਿਧਾਂਤ ਨੂੰ ਦਸਣ ਲਈ ਤਾਂ ਇਹ ਗੱਲ ਠੀਕ ਹੈ, ਪਰ ਸਾਰੇ ਸਿਧਾਂਤ ਨੂੰ ਇਹ ਮਹਿਦੂਦ ਕਰਦੀ ਹੈ। ਕਿਉਂਕਿ ਗੁਰੂਆਂ ਦਾ ਉਪਦੇਸ਼ ਤੇ ਸਿੱਖ ਪਰੰਪਰਾ ਇਸ ਨਾਲੋਂ ਜ਼ਿਆਦਾ ਵਿਸ਼ਾਲ ਹਨ। ਹਰ ਇਕ ਪਰੰਪਰਾ ਵਿਚ ਭਿੰਨ ਭਿੰਨ ਖਿਆਲ ਹੁੰਦੇ ਹਨ ਤੇ ਉਹ ਇਕ ਠੱਪੇ ਥੱਲੇ ਨਹੀਂ ਆ ਸਕਦੇ। ਨਾ ਹੀ ਕਿਸੇ ਮੱਤ ਦੀ ਆਪਣੀ ਵਿਲੱਖਣਤਾ ਪੂਰੀ ਤਰ੍ਹਾਂ ਦਸੀ ਜਾ ਸਕਦੀ ਹੈ। ਹਰ ਇਕ ਮੱਤ ਵਿਚ ਕਈ ਐਸੇ ਪਹਿਲੂ ਹੁੰਦੇ ਹਨ ਜੋ ਵਕਤ ਨਾਲ ਬਦਲਦੇ ਤੇ ਢਲਦੇ ਰਹਿੰਦੇ ਹਨ।

ਦਲਜੀਤ ਸਿੰਘ ਸਿਰਫ਼ ਸਿੱਖੀ ਦੇ ਧੁਰੇ ਵਾਲੇ ਸਿਧਾਂਤ (ਜੋ ਮੁਢਲੇ ਤੇ ਨਾ ਬਦਲਣ ਵਾਲੇ ਹਨ) 'ਤੇ ਰੌਸ਼ਨੀ ਪਾਉਣ ਵੇਲੇ ਉਹਨਾਂ ਗੱਲਾਂ ਨੂੰ ਕੁਝ ਛੁਟਿਆਂਦਾ ਹੈ ਜਿਨ੍ਹਾਂ 'ਤੇ ਵਕਤ ਨਾਲ ਕਦੀ ਘਟ ਤੇ ਕਦੀ ਵਧ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਖ਼ਾਸ ਕਰਕੇ ਸਿੱਖ ਸਿਧਾਂਤ ਤੇ ਸਿੱਖ ਪਰੰਪਰਾ ਦੀਆਂ ਵੱਖ ਵੱਖ ਲੋੜਾਂ ਮੁਤਾਬਕ। ਮਸਲਨ, ਪੰਜ ਸੌ ਸਾਲ ਦੀ ਸਿੱਖ ਪਰੰਪਰਾ ਨੂੰ ਉਹ ਇਕ ਸਿਧਾਂਤ ਵਿਚ ਪਰੋ ਦੇਂਦਾ ਹੈ। ਉਹ ਗੁਰੂਆਂ ਦੇ ਉਪਦੇਸ਼ ਨੂੰ ਸੰਤ ਮੱਤ ਨਾਲੋਂ ਵੱਖਰਾ ਦੱਸਦਾ ਹੈ। ਅਤੇ ਸੰਤ ਮੱਤ (ਜਿਸ ਨੂੰ ਦਲਜੀਤ ਸਿੰਘ ਰੈਡੀਕਲ ਭਗਤੀਮੱਤ ਕਹਿੰਦਾ ਹੈ) ਨੂੰ ਅੰਦਰੂਨੀ ਧਿਆਨ ਵਾਲਾ ਰਹੱਸਵਾਦ (**Quietest Mysticism**) ਕਰਾਰ ਦੇਂਦਾ ਹੈ। ਪਰ ਕਿਸੇ ਚੀਜ਼ 'ਤੇ ਇਕ ਲਫ਼ਜ਼ ਦਾ ਬਿੱਲਾ ਲਾ ਦੇਣਾ ਉਸ ਗੱਲ ਨੂੰ ਉਤਨਾ ਹੀ ਧੁੰਦਲਾ ਬਣਾ ਸਕਦਾ ਹੈ ਜਿਤਨਾ ਕਿ ਉਸ ਨੂੰ ਉਹ ਸਪਸ਼ਟ ਕਰਦਾ ਹੈ। ਸ਼ਾਇਦ ਸੰਤ ਮੱਤ ਵਿਚ ਵੀ ਦੁਨੀਆਵੀ ਰੁਝੇਵੇਂ ਤੇ ਵੱਖ ਵੱਖ ਸਿਧਾਂਤਕ ਖ਼ਿਆਲ ਹੋਣ।

ਦਲਜੀਤ ਸਿੰਘ ਵਰਗੇ ਵਿਦਵਾਨ ਵੱਡੇ ਮਸਲਿਆਂ ਤੇ ਮੁਸ਼ਕਲ ਸਵਾਲਾਂ ਨੂੰ ਸੁਲਝਾਉਣ ਵੇਲੇ ਕਿਸੇ ਇਕ ਮਜ਼੍ਹਬ ਦੇ ਮਾਹਿਰਾਂ ਦੀ ਨੁਕਤਾਚੀਨੀ ਦੇ ਵਾਰ ਥੱਲੇ ਆ ਸਕਦੇ ਹਨ। ਪਰ ਉਹਨਾਂ ਦੇ ਇਸ ਗੱਲ 'ਤੇ ਨੁਕਸ ਕੱਢਣ ਦੀ ਲੋੜ ਨਹੀਂ, ਕਿਉਂਕਿ ਉਹਨਾਂ ਨੇ ਵਿਸ਼ਾਲਤਾ ਦੀ ਦੂਰ-ਦ੍ਰਿਸ਼ਟੀ ਨਾਲ ਵੱਡੇ ਮਸਲਿਆਂ ਨੂੰ ਪੇਸ਼ ਕੀਤਾ ਹੁੰਦਾ ਹੈ। ਮੈਕਸ ਵੈਬਰ ਦੇ ਕੰਮ ਵਾਂਗ ਐਸੀਆਂ ਕਿਤਾਬਾਂ ਗਾਲਬਨ ਆਖ਼ਰ ਵਿਚ ਸਾਰਿਆਂ ਨਾਲੋਂ ਜ਼ਿਆਦਾ ਫਾਇਦੇਮੰਦ ਸਾਬਤ ਹੋਣ, ਕਿਉਂਕਿ ਉਹ ਬਹੁਤ ਅਹਿਮ ਮਸਲੇ ਉਠਾਉਂਦੀਆਂ ਹਨ। ਉਹ ਇਸ ਗੱਲ 'ਤੇ ਜ਼ੋਰ ਦੇਂਦੀਆਂ ਹਨ ਕਿ ਦੂਸਰਿਆਂ ਧਰਮਾਂ ਨਾਲ ਮੁਕਾਬਲੇ ਦੀ ਵਿਚਾਰ ਸਾਨੂੰ ਆਪਣੇ ਮਜ਼੍ਹਬ ਬਾਰੇ ਬਹੁਤ ਕੁਛ ਸਿਖਾਉਂਦੀ ਹੈ।

**ਮਾਰਕ ਜੁਅਰਜਨਸ ਮੇਅਰ**
ਯੂਨੀਵਰਸਟੀ ਆਫ਼ ਕੈਲੀਫੋਰਨੀਆ,
ਬਰਕਲੇ (ਅਮ੍ਰੀਕਾ)

---

**ਸੇਧ** ਦਾ ਸਾਲਾਨਾ ਚੰਦਾ ਜਾਂ ਲਾਈਫ਼-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ **PIN** ਨੰਬਰ ਵੀ ਲਿਖੋ ਅਤੇ ਚਿੱਠੀ-ਪਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਉ। ਬੈਂਕ-ਡਰਾਫ਼ਟ ਸਿਰਫ਼ **SEDH** ਦੇ ਨਾਂ ਹੀ ਹੋਣਾ ਚਾਹੀਦਾ ਹੈ। ਬੈਂਕ ਕੋਈ ਵੀ ਹੋਵੇ।

## 'ਸੇਧ' ਇਕ ਸਾਲ ਲਈ ਬਿਲਕੁਲ ਮੁਫਤ

**ਸੇਧ** ਪੰਜਾਬੀ ਦਾ ਇਕੋ-ਇਕ ਮਾਸਕ ਪੱਤਰ ਹੈ, ਜਿਹੜਾ ਮਾਰਕਸਵਾਦ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਅਤੇ ਉਹਦੀਆਂ ਅਜੋਕੀਆਂ ਸਮੱਸਿਆਵਾਂ ਦਾ ਨਿਤਾਰਾ ਕਰਦਾ ਹੈ । ਇਸ ਉਪਰੰਤ ਇਹ ਸਮਕਾਲੀ ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਮਾਮਲਿਆਂ ਨੂੰ ਮਾਰਕਸਵਾਦੀ ਦ੍ਰਿਸ਼ਟੀ ਤੋਂ ਘੋਖਦਾ ਹੈ ।

ਮਾਰਕਸਵਾਦ ਇਕ ਵਿਗਿਆਨ ਹੈ । ਇਸੇ ਕਰ ਕੇ ਹਰ ਵਿਗਿਆਨ ਵਾਂਗ ਇਹਦੀ ਆਪਣੀ ਹੀ ਇਕ ਸ਼ਬਦਾਵਲੀ ਹੈ । ਇਸ ਵਿਚ ਵਰਤੇ ਜਾਂਦੇ ਸ਼ਬਦਾਂ ਦਾ ਵਿਸ਼ੇਸ਼ ਪਿਛੋਕੜ, ਵਿਸ਼ੇਸ਼ ਸੰਕਲਪ-ਪਸਾਰਾ ਅਤੇ ਵਿਸ਼ੇਸ਼ ਅਰਥ ਹੁੰਦਾ ਹੈ ।

ਸਾਡੇ ਕਈਆਂ ਪਾਠਕਾਂ ਨੇ ਮਾਰਕਸਵਾਦੀ ਸ਼ਬਦਾਵਲੀ ਦੀ ਪੂਰੀ ਪੂਰੀ ਜਾਣਕਾਰੀ ਨਾ ਹੋਣ ਦੀ ਆਪਣੀ ਸਮਸਿਆ ਸਾਡੇ ਸਾਹਮਣੇ ਰਖੀ ਹੈ ਅਤੇ ਸਾਥੋਂ ਇਹਦੇ ਬਾਰੇ ਪੁਛਿਆ ਹੈ । ਇਹ ਉਹਨਾਂ ਪਾਠਕਾਂ ਦੀ ਹੀ ਸਮਸਿਆ ਨਹੀਂ ਹੈ, ਜਿਨ੍ਹਾਂ ਨੇ ਸਾਨੂੰ ਚਿੱਠੀਆਂ ਲਿਖ ਕੇ ਅਜਿਹਾ ਪੁਛਿਆ ਹੈ, ਸਗੋਂ ਇਹ ਬਹੁਤ ਵੱਧ ਫੈਲਵੀਂ ਅਤੇ ਡੂੰਘੀ ਹੈ ।

ਸਾਰੀਆਂ ਭਾਰਤੀ ਭਾਸ਼ਾਵਾਂ ਵਿਚੋਂ ਪੰਜਾਬੀ ਨੂੰ ਹੀ ਇਹ ਮਾਣ ਹੈ ਕਿ ਇਸ ਵਿਚ ਸਭ ਤੋਂ ਪਹਿਲਾਂ ਮਾਰਕਸਵਾਦੀ ਸ਼ਬਦਾਂ ਦਾ ਕੋਸ਼ ਤਿਆਰ ਹੋਇਆ ਹੈ ' ਮਾਰਕਸਵਾਦੀ ਸਾਹਿਤ ਦੇ ਅਨੁਵਾਦਕ, ਸੰਪਾਦਕ, ਅਤੇ ਪੰਜਾਬੀ ਲੇਖਕ ਸ. ਗੁਰਬਚਨ ਸਿੰਘ ਭੁੱਲਰ ਨੇ **ਅਰਥ-ਸ਼ਾਸਤਰ ਅਤੇ ਰਾਜਨੀਤੀ ਦਾ ਸ਼ਬਦਕੋਸ਼** ਤਿਆਰ ਕਰਦਿਆਂ ਜਿਥੇ ਮਾਰਕਸਵਾਦੀ ਸਾਹਿਤ ਵਿਚ ਆਉਂਦੇ ਸ਼ਬਦਾਂ ਦੇ ਅੰਗਰੇਜ਼ੀ ਰੂਪ ਦੇ ਟਾਕਰੇ ਦੇ ਪੰਜਾਬੀ ਸ਼ਬਦ ਦਿਤੇ ਹਨ, ਉਥੇ ਹਰੇਕ ਸ਼ਬਦ ਦੀ ਲੜੀ ਦੀ ਵਿਆਖਿਆ ਵੀ ਕੀਤੀ ਹੈ । ਇਹ ਮਾਰਕਸਵਾਦੀ ਸਾਹਿਤ ਦੇ ਪਾਠਕਾਂ ਤੋਂ ਇਲਾਵਾ ਅਧਿਆਪਕਾਂ, ਵਿਦਿਆਰਥੀਆਂ, ਖੋਜਕਾਰਾਂ ਅਤੇ ਅਨੁਵਾਦਕਾਂ ਲਈ ਵੀ ਇਕ ਵਡਮੁੱਲੀ ਸੁਗਾਤ ਹੈ । ਕੋਸ਼ ਬਹੁਤ ਹੀ ਮਹੱਤਵਪੂਰਨ ਮਾਰਕਸਵਾਦੀ ਗ੍ਰੰਥ ਹੋਣ ਦੇ ਨਾਲ ਨਾਲ ਛਪਾਈ, ਕਪੜੇ ਦੀ ਪੱਕੀ ਜਿਲਦ ਅਤੇ ਕਵਰ ਦੇ ਪਖੋਂ ਵੀ ਅਦੁਤੀ ਹੈ ।

**ਸੇਧ** ਅਤੇ ਇਹ **ਕੋਸ਼** ਵੱਧ ਤੋਂ ਵੱਧ ਪਾਠਕਾਂ ਤੱਕ ਪੁਜਦਾ ਕਰਨ ਦੀ ਇਕ ਵਿਉਂਤ ਅਧੀਨ, ਕੋਸ਼ ਦੀ 36 ਰੁਪਏ ਕੀਮਤ ਭੇਜਣ ਵਾਲੇ ਸੱਜਣ ਨੂੰ ਅਸੀਂ, ਡਾਕ-ਖਰਚ ਲਏ ਬਿਨਾਂ, ਇਹ ਗ੍ਰੰਥ ਰਜਿਸਟਰਡ-ਡਾਕ ਰਾਹੀਂ ਪੁਜਦਾ ਕਰਨ ਤੋਂ ਇਲਾਵਾ **ਸੇਧ** ਵੀ ਸਾਲ-ਭਰ ਮੁਫਤ ਭੇਜਾਂਗੇ । (ਸੇਧ ਦਾ ਸਾਲਾਨਾ ਚੰਦਾ 20 ਰੁਪਏ ਹੈ) ।

ਪੁਰਾਣੇ ਪਾਠਕਾਂ ਦੇ ਚੰਦੇ ਵਿਚ, ਜੇ ਉਹ ਹੁਣ 36 ਰੁਪਏ ਸਾਨੂੰ ਭੇਜਣਗੇ, ਬਾਰਾਂ ਮਹੀਨੇ ਹੋਰ ਜੋੜ ਦਿਤੇ ਜਾਣਗੇ ।

ਅੱਜ ਹੀ ਕੋਸ਼ ਦਾ ਮੁੱਲ 36 ਰੁਪਏ ਸਾਡੇ ਪਤੇ ਉਤੇ ਭੇਜ ਕੇ ਕੋਸ਼ ਅਤੇ ਸਾਲ ਭਰ ਲਈ ਮੁਫਤ **ਸੇਧ** ਪ੍ਰਾਪਤ ਕਰੋ ।

—ਮੈਨੇਜਰ, **ਸੇਧ**





**ਪੀ.ਐਸ.ਬੀ.-ਸਤੱਰ ਸਾਲਾਂ ਤੋਂ ਜਿਆਦਾ ਸਮੇਂ ਤੋਂ ਤਰੱਕੀ ਦੇ ਰਾਹ ਤੇ**

**ਤੀਹ ਸਾਲ ਪਹਿਲਾਂ ਮੇਰੇ ਪਿਤਾ ਜੀ ਨੇ ਮੇਰੇ ਲਈ ਪੰਜਾਬ ਐਂਡ ਸਿੰਧ ਬੈਂਕ ਵਿਚ ਖਾਤਾ ਖੋਲਿਆ ਸੀ । ਅਜ ਇਹੀ ਮੈਂ ਆਪਣੇ ਪੁਤੱਰ ਲਈ ਕੀਤਾ ਹੈ ।**

ਪੰਜਾਬ ਐਂਡ ਸਿੰਧ ਬੈਂਕ ਨਾਲ ਬਚੱਤ ਇਕ ਐਸੀ ਰਵਾਇਤ ਹੈ ਜੋ ਪੀ.ਐਸ.ਬੀ. ਪ੍ਰਵਾਰਾਂ ਵਿਚ ਪੁਸ਼ਤ-ਦਰ-ਪੁਸ਼ਤ ਚਲਦੀ ਰਹਿੰਦੀ ਹੈ । ਇਹ ਰਵਾਇਤ ਪੀ.ਐਸ.ਬੀ. ਸਤੱਹਰ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਕਾਇਮ ਰਖਦਾ ਆ ਰਿਹਾ ਹੈ । ਇਸ ਦਾ ਕਾਰਨ ਹੈ ਸਾਡੀ ਸੇਵਾ ਜਿਸਦਾ ਸ਼ਾਇਦ ਹੀ ਕੋਈ ਮੁਕਾਬਲਾ ਕਰ ਸਕੇ ।

ASP/PSB/3-202P

ਪੀਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ

**ਪੰਜਾਬ ਐਂਡ ਸਿੰਧ ਬੈਂਕ**

(ਭਾਰਤ ਸਰਕਾਰ ਦਾ ਇਕ ਅਦਾਰਾ)

S E D H (DIRECTION) JULY, 1980
Registered with the Registrar of Newspapers Regd. No. D (SE) 001
for India—Registration No 23895/72

**WE LIKE TO PLAY**

**THE SECOND FIDDLE**



**YES !**

In the bakery industry we play the second fiddle, and we enjoy it.

We do not make bread—but we make the bread baking tins—and we stay right in tune.

NOOR leak proof bread baking tins keep the conveyor lines clean. Less down time means more production.

And, if you too want to set new records in production, why not use NOOR leak proof tins.

Please write to :

**NOOR INTERNATIONAL**

NOOR BHAWAN
NA-16 New Vishnu Garden Extention
New Delhi-110018 Phone : 587661